ਜੁਲਾਈ 2016 ਅੰਕ 9

# ਪ੍ਰਤਿਬਿੰਬ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ



ਸਕੇਪ ਪੰਜਾਬ ਈ-ਪਤ੍ਰਿਕਾ
www.scpepunjab.com

ਸਾਹਿਤ, ਖੋਜ ਅਤੇ ਸੱਭਿਆਚਾਰ ਦਾ ਪ੍ਰਤੀਨਿਧ

# ਪ੍ਰਤਿਬਿੰਬ

## ਸਕੇਪ ਪੰਜਾਬ ਮਾਸਿਕ ਈ-ਪਤ੍ਰਿਕਾ

ਮੁੱਖ ਸਫ਼ਾ ਚਿੱਤਰ ਕ੍ਰਿਤ->ਉਮਾ ਕ੍ਰਿਸ਼ਨਾਮੂਰਤੀ

ਜੁਲਾਈ, 2016

ਅੰਕ 9

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ

ਡਾ. ਸਤਵਿੰਦਰ ਸਿੰਘ

**ਸਹਿਯੋਗੀ**

ਚਰਨਜੀਤ ਸਿੰਘ ਪੰਨੂ

ਗੁਰਸ਼ਰਨ ਸਿੰਘ ਅਜੀਬ

ਪ੍ਰਕਾਸ਼ ਸੋਹਲ

ਰਵੇਲ ਸਿੰਘ ਇਟਲੀ

ਅਮਨਦੀਪ ਸਿੰਘ

**ਸਲਾਹਕਾਰ**

ਡਾ. ਜੋਗਾ ਸਿੰਘ

ਮਨਦੀਪ ਸਿੰਘ

ਸੁਖਦੇਵ ਗੰਢਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

## ਤਤਕਰਾ

**ਸੰਪਾਦਕੀ**

ਐੱਸ. ਬਲਵੰਤ...................... 3

**ਗਰੀਬ ਨਹੀਂ, ਅਜੀਬ ਬਿਆਨ**

ਡਾ. ਹਰਪਾਲ ਸਿੰਘ ਪੰਨੂ...... 5

**ਰਾਜਨੀਤਿਕ ਸਰੋਕਾਰ**

ਗੁਰਮੀਤ ਸਿੰਘ ਪਲਾਹੀ ............ 6

**ਸੰਤ ਰਾਮ ਉਦਾਸੀ ਨੂੰ ਚੇਤੇ ਕਰਦਿਆਂ**

ਜਸਵੀਰ ਸ਼ਰਮਾ ਦੱਦਾਹੂਰ................ 9

**ਕੂੜ ਦਾ ਰਾਜਾ ਅਤੇ ਫਕੀਰ-ਕਥਾ**

ਡਾ. ਸਰਬਜਿੰਦਰ ਸਿੰਘ.............. 10

**ਪੁਸਤਕ ਸਮੀਖਿਆ-** ਬਾਬੇ ਹਰਗੁਲਾਲ ਦੀ ਹੱਟੀ

ਨਿਰੰਜਣ ਬੋਹਾ........................... 12

**ਅਸਲੀ ਭਾਰਤ...-ਨਿੱਕੀ ਕਹਾਣੀ**

ਵਰਿੰਦਰ ਅਜ਼ਾਦ......................... 13

**ਆਖਰੀ ਵਾਰ-ਕਹਾਣੀ**

ਰਾਜੇਸ਼ ਗੁਪਤਾ.......................... 14

**ਕਵਿਤਾ-** ਪ੍ਰਿੰ. ਹਰਜਿੰਦਰ ਭੰਡੋਹਲ........ 17

**ਕਵਿਤਾ-** ਗੁਰਮੀਤ ਬਰਸਾਲ............. 18

**ਕਵਿਤਾ-** ਤਰਸੇਮ ਸਿੰਘ ਘੁੰਮਣ.................. 18

**ਕਵਿਤਾ-** ਬਲਵਿੰਦਰ ਸਿੰਘ ਖਹਿਰਾ.............. 19

**ਤਿੰਨ ਗ਼ਜ਼ਲਾਂ-** ਸਿਮਰਤ ਸੁਮੈਰਾ................ 19

**ਕਵਿਤਾ-** ਡਾ. ਦਵਿੰਦਰ ਕੌਰ............... 21

**ਗ਼ਜ਼ਲ-** ਰਿਤੂ ਵਾਸੁਦੇਵ ................. 21

**ਦੋ ਗ਼ਜ਼ਲ-** ਰੁਪਿੰਦਰ ‘ਸੋਜ਼’............ 22

**ਕਵਿਤਾ-** ਵਰਿੰਦਰ ਕੌਰ ਰੰਧਾਵਾ................. . 23

**ਕਵਿਤਾ-** ਸੰਤ ਰਾਮ ਉਦਾਸੀ ...................... 24

**ਸੰਪਰਕ ਅਤੇ ਪਤਾ**

ਸਕੇਪ ਪੰਜਾਬ ਦਫ਼ਤਰ, ਲੋਟਸ ਇੰਨਫੋਟੈੱਕ, ਭੁਪਿੰਦਰਾ ਕੰਪਲੈਕਸ, ਸਤਨਾਮਪੁਰਾ, ਫਗਵਾੜਾ।

**ਮੋਬਾਇਲ**

+91 92178 89160, +91 98720 07176

**ਈ-ਮੇਲ : scapepunjab@gmail.com**

**ਜ਼ਰੂਰੀ ਸੂਚਨਾ**: ਸਕੇਪ ਪੰਜਾਬ ਦਾ ਈ-ਮੈਗਜ਼ੀਨ **‘ਪ੍ਰਤਿਬਿੰਬ’** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ, ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।




**ਸੰਪਾਦਕੀ**

ਐੱਸ. ਬਲਵੰਤ

+44 7450 211512


## ਪੰਜਾਬੀ ਭਾਸ਼ਾ ਦਾ ਇਤਿਹਾਸਿਕ ਸਥਾਨ ਤੇ ਗਰਾਮਰ

ਭਾਸ਼ਾਵਾਂ ਦੀ ਦੁਨੀਆਂ ਦੇ ਨਕਸ਼ੇ ਤੇ ਝਾਤ ਮਾਰੀਏ ਤਾਂ ਪੂਰੇ ਸੰਸਾਰ ਵਿਚ ਕਰੀਬ 670 ਤੋਂ ਵੱਧ ਭਾਸ਼ਾਵਾਂ ਵਰਤੀਆਂ ਜਾਂ ਬੋਲੀਆਂ ਜਾਂਦੀਆਂ ਹਨ। ਪੰਜਾਬੀ ਭਾਸ਼ਾ ਸੰਸਾਰ ਭਰ ਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਦਸਵੇਂ ਨੰਬਰ ਤੇ ਆਂਉਂਦੀ ਹੈ ਤੇ ਇਸ ਨੂੰ ਵਰਤੋਂ ਵਿਚ ਲਿਆਉਣ ਵਾਲੇ ਹਿੰਦੁਸਤਾਨੀ ਤੇ ਪਾਕਿਸਤਾਨੀ ਲੋਕਾਂ ਦੀ ਗਿਣਤੀ ਲਗਪਗ 102 ਮਿਲੀਅਨ ਆਂਕੀ ਗਈ ਹੈ।

ਜਦੋਂ ਇਹ ਗੱਲ ਮੈਂ ਮੰਗਤ ਰਾਏ  ਭਾਰਦਵਾਜ ਦੀ ਅੰਗਰੇਜੀ ਵਿਚ, ਰਊਟਲੈਜ, ਯੂ. ਕੇ.ਵਲੋਂ, ਹੁਣੇ ਹੁਣੇ ਪ੍ਰਕਾਸ਼ਤਿ ਅੰਗਰੇਜੀ ਪੁਸਤਕ ਪੰਜਾਬੀ : ਏ ਕੰਪਰੀਹੈਂਸਿਵ ਗਰਾਮਰ  ਵਿਚ ਦਰਜ ਪੜ੍ਹੀ ਤਾਂ ਮੈਨੂੰ ਇਸ ਗੱਲ ਤੇ ਬਹੁਤ ਮਾਣ ਮਹਿਸੂਸ  ਹੋਇਆ ਕਿ ਮੈਂ ਵੀ ਇਸੇ ਬੋਲੀ ਵਿਚ ਲਿਖਦਾ ਹਾਂ। ਤੇ ਇਸ ਕਿਤਾਬ ਨੂੰ ਹੋਰ ਘੋਖਣ ਦੀ ਲਾਲਸਾ ਵਧੀ। ਅਖੀਰ ਇਹ ਪੁਸਤਕ ਪ੍ਰਾਪਤ ਕਰ ਇਸ ਦੇ ਪੰਨੇ ਫਰੋਲੇ ਤਾਂ ਇੰਞ ਲੱਗਾ ਕਿ ਇਹ ਪੁਸਤਕ ਹਰ ਭਾਸ਼ਾ-ਵਿਗਿਅਨੀ ਵਾਸਤੇ ਭਾਸ਼ਾ ਦੇ ਮੁੱਲ-ਅੰਕਣ ਲਈ ਇਕ ਆਧਾਰ ਸਾਬਿਤ ਹੋ ਸਕਦੀ ਹੈ। ਇਕ ਮਾਡਲ  ਹੋ ਸਕਦੀ ਹੈ।

ਹੁਣ ਤੀਕ ਅੰਗਰੇਜਾਂ ਵਲੋਂ ਭਾਸ਼ਾ ਬਾਰੇ ਕੀਤੀਆਂ ਖੋਜਾਂ ਨੂੰ ਖਾਰਜ ਕਰਦਿਆਂ ਇਸ ਆਧਾਰ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਸ ਵੇਲੇ ਦੀ ਖੋਜ ਪੱਖਪਾਤੀ ਤੇ ਹਕੂਮਤੀ ਨੁਕਤੇ ਤੋਂ ਕੀਤੀ ਜਾਂ ਕਰਾਈ ਗਈ ਸੀ, ਕਿਉਂਕਿ ਅੰਗਰੇਜਾਂ ਨੂੰ ਭਾਰਤੀ ਭਾਸ਼ਾਵਾਂ ਪ੍ਰਤੀ ਹੇਜ ਨਹੀਂ ਸੀ ਉਮੜ ਆਇਆ ਕਿ ਉਹ ਸਭ ਕੁਝ ਛਡ ਕੇ ਭਾਰਤੀ ਸਭਿਆਚਾਰ ਜਾਂ ਭਾਸ਼ਾਵਾਂ ਬਾਰੇ ਖੋਜ ਕਰਾਉਂਦੇ, ਸਗੋਂ ਉਹਨਾਂ ਦਾ ਅਸਲ ਮਕਸਦ ਸੀ, ਭਾਰਤ ਤੇ ਲਗਾਤਾਰ ਰਾਜ ਕਰਨਾ, ਭਾਰਤੀ ਲੋਕਾਂ ਨੂੰ ਈਸਾਈ ਬਣਾਉਣਾ, ਤੇ ਇਸ ਦੇ ਲਈ ਉਹਨਾਂ ਨੂੰ ਇਸ ਜਮੀਨ ਦੇ ਸਭਿਆਚਾਰ, ਬੋਲੀਆਂ ਅਤੇ ਹੋਰ ਪਹਿਲੂਆਂ ਨੂੰ ਬਹੁਤ ਬਾਰੀਕੀ ਨਾਲ ਸਮਝਣਾ ਜਰੂਰੀ ਸੀ। ਸੰਨ 1812 ਵਿਚ ਛਪੀ ਪਹਿਲੀ ਪੰਜਾਬੀ ਗਰਾਮਰ ਦੇ ਲੇਖਕ ਪਾਦਰੀ ਵਿਲੀਅਮ ਕੇਅਰੀ ਨੇ ਤਾਂ ਸਪਸ਼ਟ ਰੂਪ ਵਿਚ ਇਹ ਕਿਤਾਬ ਸਹਿਯੋਗੀ ਪਦਰੀਆਂ ਲਈ ਲਿਖੀ ਸੀ, ਤਾਂਕਿ ਭਾਰਤੀ ਲੋਕਾਂ ਨੂੰ ਈਸਾਈ ਬਣਾਉਣ ਵਿਚ ਉਹਨਾਂ ਨੂੰ ਵੱਧ ਤੋਂ ਵੱਧ ਸੌਖ ਹੋਵੇ। ਇਸੇ ਤਰ੍ਹਾਂ ਮੋਨੀਅਰ ਵਿਲੀਅਮ ਨਾਂ ਦਾ ਅੰਗਰੇਜੀ ਹਕੂਮਤ ਵੇਲੇ ਇਕ ਸੰਸਕ੍ਰਿਤ ਦਾ ਵਿਦਵਾਨ ਹੋਇਆ ਜਿਸ ਦੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਤੇ ਸੰਸਕ੍ਰਿਤ ਮੈਨੂਅਲ ਨਾਂਅ ਦੀਆਂ ਕਿਤਾਬਾਂ ਦਾ ਅੱਜ ਤੀਕ ਕੋਈ ਕਿਤਾਬ ਮੁਕਾਬਲਾ ਨਹੀ ਕਰ ਸਕੀ।

ਪਰ ਭਾਰਦਵਾਜ ਇਸ ਗੱਲ ਤੇ ਡਾਹਢਾ ਅਫਸੋਸ ਕਰਦਾ ਹੈ ਕਿ ਆਜਾਦੀ ਤੋਂ ਬਾਅਦ ਭਾਰਤੀ ਸਕਾਲਰਾਂ ਨੇ ਇਸ ਨੁਕਤੇ ਵਾਲੇ ਪਾਸੇ ਧਿਆਨ ਹੀ ਨਹੀਂ ਦਿੱਤਾ।  ਸਗੋਂ ਉਹ ਅੰਗ੍ਰੇਜਾਂ ਵਲੋਂ ਅਪਣਾਈਆਂ ਵਿਧਾਵਾਂ ਨੂੰ ਲੈ ਕੇ ਹੀ ਅੱਗੇ ਤੁਰਦੇ ਰਹੇ ਤੇ ਨਤੀਜੇ ਵਜੋਂ ਜੋ ਵੀ ਭਾਸ਼ਾਵਾਂ ਦੀ ਉਤਪਤੀ ਜਾਂ ਉਨਤੀ ਬਾਰੇ ਮਸੌਦੇ ਮਿਲਦੇ, ਉਹ ਅੰਗ੍ਰੇਜੀ ਰਾਜ ਵੇਲੇ ਹੋਈਆਂ ਖੋਜਾਂ ਤੇ ਹੀ ਆਧਾਰਤ ਰਹੇ ਤੇ ਇਹ ਵਿਦਵਾਨ ਹੋਰ ਮਿਹਨਤ ਨਾ ਕਰਨ ਦੀ ਆਲਸ ਕਾਰਨ ਇਨ੍ਹਾਂ ਖੋਜਾਂ ਨੂੰ ਹੀ ਆਧਾਰ ਮੰਨ ਤੁਰਦੇ ਰਹੇ। ਇਸ ਦਾ ਇਕ ਮੁੱਖ ਕਾਰਣ ਇਹ ਵੀ ਮਨਿਆਂ ਜਾ ਸਕਦਾ ਹੈ ਕਿ ਆਜਾਦੀ ਤੋਂ ਬਾਅਦ ਭਾਰਤੀ ਇਤਿਹਾਸ ਨੂੰ ਲਿਖਣ ਵਾਲੀਆਂ ਭਾਸ਼ਾਵਾਂ ਨੂੰ ਹੌਲੀ ਹੌਲੀ ਦਰ-ਕਿਨਾਰ ਕਰ ਦਿੱਤਾ ਗਿਆ। ਭਾਵੇਂ ਇਸ ਨੂੰ ਅਣਗਹਿਲੀ ਮਨਿਆ ਜਾਵੇ ਤੇ ਭਾਵੇਂ ਗਿਣੀ-ਮਿਥੀ ਸਾਜਿਸ਼ ਪਰ ਇਸ ਘਾਟ ਨੇ ਸਮੁੱਚੇ ਭਾਰਤੀ ਸੱਭਿਆਚਾਰ, ਇਤਿਹਾਸ ਅਤੇ ਬੋਲੀਆਂ ਨੂੰ ਨਾ-ਸਮਝਣ ਵਿਚ ਕਾਫੀ ਤੋਂ ਵੱਧ ਯੋਗਦਾਨ ਪਾਇਆ।

ਭਾਰਦਵਾਜ ਭਾਰਤੀ ਬੋਲੀਆਂ ਦੇ ਮੁੱਢ ਨੂੰ ਇੰਡਿਕ ਬੋਲੀਆਂ ਦੇ ਪਰਿਵਾਰਕ ਸੰਸਾਰ ਨਾਲ ਸੰਬੋਧਿਤ ਹੁੰਦਾ ਹੈ। ਪੁਸਤਕ ਵਿਚ ਦਰਜ ਬੇਸ਼ੁਮਾਰ ਚਿੱਤਰਾਂ ਰਾਹੀ ਉਹ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਇੰਡੋ-ਇਰਾਨੀਅਨ ਭਾਸ਼ਾਵਾਂ ਦੀਆਂ ਬਰਾਂਚਾਂ ਚੋਂ ਹੀ ਪੰਜਾਬੀ ਦਾ ਜਨਮ ਹੁੰਦਾ। ਇਸ ਪਰਿਵਾਰ ਨੂੰ ਉਹ ਇਸ ਤਰ੍ਹਾਂ ਵੰਡਦਾ ਹੈ ਕਿ ਇਰਾਨੀਅਨ ਚੋਂ ਪਰਸ਼ੀਅਨ, ਪਸ਼ਤੋ, ਬਲੂਚ ਤੇ ਹੋਰ ਭਾਸ਼ਾਵਾਂ, ਦਾਰਦਿਕ ਚੋਂ ਕਸ਼ਮੀਰੀ ਤੇ ਇਡਿਕ ਵਿਚੋਂ ਸੰਸਕ੍ਰਿਤ ਤੇ ਇਸੇ ਵਿਚੋਂ ਅੱਗੇ ਜਾ ਕੇ ਸਿੰਧੀ, ਪੰਜਾਬੀ, ਹਿੰਦੀ-ਉਰਦੂ, ਗੁਜਰਾਤੀ, ਮਰਾਠੀ, ਬੰਗਾਲੀ, ਆਸਾਮੀ, ਉੜੀਆ ਤੇ ਸਿੰਹਲੀ ਭਾਸ਼ਾਵਾਂ ਦਾ ਭਾਰਤ ਦੀ ਭੂਮੀ ਤੇ ਜਨਮ ਤੇ ਉਤਪਤੀ ਹੋਈ। ਭਾਰਦਵਾਜ ਪੰਜਾਬੀ ਬੋਲੀ ਨੂੰ ਚਾਰ ਪੜਾਵਾਂ ਵਿਚ ਵੰਡਦਾ ਹੈ। ਉਹਦੇ ਅਨੁਸਾਰ ਪਹਿਲਾ ਪੜਾਅ 10-140, ਦੂਜਾ 140-170, ਤੀਜਾ 170-1850 ਤੇ ਚੌਥਾ 1850 ਤੋਂ ਹੁਣ ਤੀਕ। ਪਰ ਭਾਰਦਵਾਜ ਇੰਡਿਕ ਕਾਲ ਨੂੰ 50 ਬੀਸੀ ਤੋਂ ਪਹਿਲਾਂ ਤੀਕ ਦਾ ਪੀਰੀਅਡ ਹੀ ਮੰਨਦਾ ਹੈ ਜਿਸ ਵਿਚ ਸੰਸਕ੍ਰਿਤ ਭਾਸ਼ਾ ਪ੍ਰਫੁੱਲਤ ਹੋਈ ਤੇ ਇਸੇ ਭਾਸ਼ਾ

ਵਿਚ ਹੀ ਵੇਦਾਂ ਦੀ ਰਚਨਾ ਹੋਈ। ਅੱਗੋਂ ਉਹ 50 ਬੀਸੀ ਤੋਂ 50 ਏਡੀ ਤੀਕ ਇਡਿਕ ਕਾਲ ਮੰਨਦਾ ਜਦੋਂ ਪ੍ਰਾਕ੍ਰਿਤ ਭਾਸ਼ਾਵਾਂ ਦੀ ਪ੍ਰਾਂਤਿਕ ਇਲਾਕਿਆਂ ਵਿਚ ਭਰਮਾਰ ਹੋਈ ਜਿਸ ਵਿਚ ਪਾਲੀ ਸਭ ਤੋਂ ਅਹਿਮ ਗਿਣੀ ਗਈ ਕਿਉਂਕਿ ਇਹ ਭਾਸ਼ਾ ਬੋਧੀ ਸਾਹਿਤ ਦਾ ਆਧਾਰ ਬਣੀ। ਤੇ ਮਗਰੋਂ ਉਹ ਪ੍ਰਾਕ੍ਰਿਤ ਵਿਚ ਮਗਧੀ, ਅਰਧਮਾਗਧੀ, ਮਹਾਰਾਸ਼ਟਰੀ, ਸ਼ੌਰਸੈਨੀ ਤੇ ਪੈਸਾਚੀ ਭਾਸ਼ਾਵਾਂ ਦੀ ਉਤਪਤੀ ਤੇ ਪ੍ਰਫੁੱਤਾ ਦਾ ਪੱਖ ਲੈਂਦਾ ਹੈ। ਸੰਨ 50-10 ਏਡੀ ਦੇ ਕਾਲ ਨੂੰ ਉਹ ਅਪਭਰਸ਼ੰ ਭਾਸ਼ਾ ਦਾ ਬੋਲਬਾਲਾ ਮੰਨਦਾ ਹੈ ਤੇ ਇਸੇ ਦੌਰਾਨ ਗਿਆਰਵੀਂ ਸਦੀ ਵਿਚ ਹੋਏ ਮੁਲਤਾਨ ਵਿਚ ਰਹਿੰਦੇ ਮੁਸਲਿਮ ਸ਼ਾਇਰ ਅੱਦਹਮਾਣ (ਅਬਦੁੱਲ ਰਹਿਮਾਨ) ਦਾ ਪੱਖ ਲੈਂਦਾ ਹੈ ਤੇ ਕਹਿੰਦਾ ਹੈ ਕਿ ਜੇ ਪੰਜਾਬੀ ਭਾਸ਼ਾ ਦੇ ਜਨਮ ਨੂੰ ਇਸ ਕਾਲ ਤੋਂ ਮਨਿਆ ਜਾਵੇ ਤਾਂ ਇਸ ਨੂੰ ਪੰਜਾਬੀ ਭਾਸ਼ਾ ਦੇ ਜਨਮ ਦੀ ਮਿਤੀ ਕਿਹਾ ਜਾ ਸਕਦਾ ਹੈ। ਪਰ ਭਾਰਦਵਾਜ ਅਨੁਸਾਰ ਹੁਣ ਤੀਕ ਪੰਜਾਬੀ ਭਾਸ਼ਾ ਦੀ ਸ਼ੁਰੂਆਤ ਫਰੀਦਉਦੀਨ ਗੰਜ ਸ਼ਕਰ (1173-1266) ਤੋਂ ਹੁੰਦੀ ਮੰਨੀ ਗਈ ਹੈ ਜੋ ਕਿ ਪਹਿਲੇ ਪੜਾਅ ਦਾ ਸਭ ਤੋਂ ਅਹਿਮ ਸ਼ਾਇਰ ਹੈ। ਇਹ ਵਧੇਰੇ ਕਰਕੇ ਬਾਬਾ ਫਰੀਦ ਦੇ ਨਾਂਅ ਵਜੋਂ ਜਾਣਿਆਂ ਜਾਂਦਾ ਤੇ ਇਸ ਦੀ ਸ਼ਾਇਰੀ ਸਿੱਖਾਂ ਦੀ ਮੁਬਾਰਕ ਕਿਤਾਬ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਵੀ ਦਰਜ ਮਿਲਦੀ ਹੈ।

ਭਾਰਦਵਾਜ ਪੰਜਾਬੀ ਬੋਲੀ ਦੇ ਅੱਖਰਾਂ ਤੋਂ ਵੱਧ ਇਸ ਦੀ ਸਾਊਂਡ ਤੇ ਵੀ ਅਧਿਕ ਜੋਰ ਦਿੰਦਾ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਪੰਜਾਬੀ ਭਾਸ਼ਾ ਦੇ ਉਚਾਰਣ ਸਮੇਂ ਸਾਊਂਡ ਦਾ ਉਚਾ ਨੀਵਾਂ ਕਰਕੇ ਬੋਲਣਾ ਵੀ ਇਸ ਦੀ ਗਰਾਮਰ ਤੇ ਅਰਥਾਂ ਨੂੰ ਪ੍ਰਭਾਵਤ ਕਰਦਾ ਹੈ। ਇਸ ਬਾਰੇ ਉਹ ਇਸ ਪੁਸਤਕ ਵਿਚ ਖੁਦ ਬਣਾਏ ਤੇ ਦਰਜ ਚਿੱਤਰਾਂ ਰਾਹੀਂ ਬਹੁਤ ਸਾਰੀਆਂ ਥਾਵਾਂ ਤੇ ਇਹ ਆਧਾਰ ਵੀ ਸਿੱਧ ਕਰਦਾ ਹੈ। ਬਹੁਤ ਸਾਰੇ ਸ਼ਬਦ ਪੰਜਾਬੀ ਭਾਸ਼ਾ ਚ ਬੋਲੇ ਜਾਂਦੇ ਹਨ ਪਰ ਉਨ੍ਹਾਂ ਦੀ ਭਾਸ਼ਕਿ ਟੈਕਨੀਕੈਲਿਟੀ ਬਾਰੇ ਵੀ ਉਹ ਕਿੰਤੂ ਕਰਦਾ ਹੈ, ਕਿ ਪੰਜਾਬੀ ਬੋਲੀ ਦੇ ਕਾਲ ਵਿਧਾਨ (Tense System) ਦਾ ਨਵੇਂ ਸਿਰਿਓਂ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਅੰਗਰੇਜੀ ਵਿਆਕਰਣ ਨੀ ਨਕਲ ਕਰਨ ਵਾਲੇ ਪੰਜਾਬੀ ਵਿਦਵਾਨਾਂ ਨੇ ਪੰਜਾਬੀ ਕ੍ਰਿਆਵਾਂ ਦੇ ਜਿਹਨਾਂ ਰੂਪਾਂ ਨੂੰ ਟੈਂਸ (Tense) ਦਾ ਨਾਂ ਦਿੱਤਾ ਹੈ, ਉਹ ਅਸਲ ਵਿਚ ਹੋਰ ਅਰਥ ਪ੍ਰਗਟਾਉਂਦੀਆਂ ਹਨ। ਜਦੋਂ ਅਸੀ ਕੋਈ ਵਾਕ ਬੋਲਦੇ ਹਾਂ ਤਾਂ ਲਗਦਾ ਤਾਂ ਇਹ ਹੈ ਕਿ ਉਹ "ਪਰੈਜੈਂਟ ਟੈਂਸ" ਹੈ ਪਰ ਕਈ ਵਾਰ ਉਹ ਬੀਤੇ ਸਮੇਂ ਦਾ ਅਰਥ ਪ੍ਰਗਟਾਉਂਦਾ ਹੈ, ਇਸੇ ਤਰ੍ਹਾਂ ਅਖਾਉਤੀ "ਪਾਸਟ ਟੈਂਸ" ਕਈ ਵਾਰ ਭਵਿਖ ਦੇ ਸਮੇਂ ਨੂੰ ਦਰਸਾਉਂਦਾ ਹੈ। ਇਹਦੇ ਅਨੇਕ ਉਦਾਹਰਣ ਅਸਲ ਜਿੰਦਗੀ, ਪੰਜਾਬੀ ਸਾਹਿਤ, ਅਖਾਣਾਂ ਅਤੇ ਲੋਕ ਗੀਤਾਂ ਵਿਚੋਂ ਚੁੱਕ ਕੇ ਭਾਰਦਵਾਜ ਨੇ ਪੇਸ਼ ਕੀਤੇ ਹਨ। ਵਾਕ ਦਾ ਧੁਰਾ ਕ੍ਰਿਆ ਹੁੰਦੀ ਹੈ, ਸਭ ਤੋਂ ਪਹਿਲਾਂ ਇਹਨੂੰ ਸਹੀ ਢੰਗ ਨਾਲ ਸਮਝਣ ਦੀ ਲੋੜ ਹੈ। ਸੰਸਕ੍ਰਿਤ ਤੋਂ ਪੰਜਾਬੀ ਤਕ ਅਖਾਉਤੀ "ਟੈਂਸਾਂ" ਦਾ ਸਮੁੱਚਾ ਢਾਂਚਾ ਹੀ ਬਦਲ ਗਿਆ ਹੈ, ਕਿਉਂਕਿ ਸਮੇਂ ਬਾਰੇ ਸਾਡੇ ਸੰਬੋਧ ਪਿਛਲੇ ਪੰਜ ਹਜਾਰ ਸਾਲਾਂ ਤੋਂ ਬਦਲਦੇ ਆ ਰਹੇ ਹਨ। ਪੰਜਾਬੀ ਦੀਆਂ "ਲੜੀਵਾਰ ਕ੍ਰਿਆਵਾਂ" ਇਸੇ ਪਰਿਵਰਤਨ ਦੀ ਉਪਜ ਹਨ, ਜਿਹਨਾਂ ਨੂੰ ਪੰਜਾਬੀ ਵਿਦਵਾਨਾਂ ਨੇ ਅਣਗੌਲਿਆ ਕਰੀ ਰੱਖਿਆ ਹੈ ਕਿਉਂਕਿ ਇਹਨਾਂ ਨੂੰ ਸਮਝਣ ਲਈ ਪੁਰਾਣੇ ਵਿਚਾਰਾਂ ਨੂੰ ਛੱਡ ਨਵਾਂ ਦ੍ਰਿਸ਼ਟੀਕੋਣ ਅਪਣਾਉਣ ਦੀ ਲੋੜ ਹੈ, ਜਿਹਦੇ ਲਈ ਬਹੁਤੇ ਵਿਦਵਾਨ ਤਿਆਰ ਨਹੀਂ। ਇਹਦੇ ਬਾਰੇ ਭਾਰਦਵਾਜ ਦੀ ਬਹੁਤ ਹੀ ਡੂੰਘੀ ਖੋਜ ਇਸ ਕਿਤਾਬ ਦਾ ਧੁਰਾ ਹੈ, ਜਿਹਦੇ ਦੁਆਲੇ ਉਹਦਾ ਪੂਰਾ ਭਾਸ਼ਾ ਵਿਗਿਆਨਕ ਫਲਸਫਾ ਘੁੰਮਦਾ ਹੈ। ਇਸ ਸੋਚ ਨੂੰ ਸੰਖੇਪ ਢੰਗ ਨਾਲ ਇੱਥੇ ਪੇਸ਼ ਨਹੀਂ ਕੀਤਾ ਜਾ ਸਕਦਾ। ਇਹਦੇ ਲਈ ਕਿਤਾਬ ਦਾ ਗੰਭੀਰ ਅਧਿਐਨ ਕਰਨ ਦੀ ਲੋੜ ਹੈ। ਉਹ ਹੁਣ ਤੀਕ ਸਥਾਪਤ ਪੰਜਾਬੀ ਗਰਾਮਰ ਦੀਆਂ ਸਕਾਲਰਲੀ ਲੀਹਾਂ ਨੂੰ ਵੀ ਚੈਲਿੰਜ ਕਰਦਾ ਹੈ ਤੇ ਸਾਧਾਰਣ ਤਰੀਕੇ ਨਾਲ ਇਸ ਦੇ ਵਿਸਥਾਰ ਤੇ ਅਸਲੀਅਤ ਨੂੰ ਪਾਠਕ ਮੁਹਰੇ ਰੱਖਦਾ ਹੈ, ਜਿਸ ਰਾਹੀ ਪਾਠਕ ਜਾਂ ਵਿਦਵਾਨ ਇਸ ਫਰਕ ਨੂੰ ਆਸਾਨੀ ਨਾਲ ਹਜਮ ਕਰ ਲੈਂਦਾ ਹੈ।

480 ਸਫਿਆਂ ਦੀ ਇਸ ਕਿਤਾਬ ਵਿਚ ਉਹ ਪੰਜਾਬੀ ਭਾਸ਼ਾ ਦੇ ਹਰੇਕ ਪਹਿਲੂ ਨੂੰ ਛੂੰਹਦਾ ਹੈ, ਜਿਸ ਵਿਚ ਗਰਾਮਰ ਸਿਖਣ ਤੇ ਸਿਖਾਉਣ ਕਰਨ ਵਾਲੇ ਵਿਅਕਤੀ ਦੀ ਮੁੱਢਲੀ ਲੋੜ ਹੁੰਦੀ ਹੈ। ਉਹ ਇਸ ਪ੍ਰਤੀ ਵਿਦਵਾਨਾਂ ਵਲੋਂ ਛੁੱਟੀਆਂ ਜਾਂ ਅਣਗਹਿਲੀਆਂ ਊਣਤਾਈਆਂ ਬਾਰੇ ਵੀ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ।

ਕੁੱਲ ਮਿਲਾ ਕੇ ਇਸ ਕਿਤਾਬ ਨੂੰ ਪੰਜਾਬੀ ਭਾਸ਼ਾ ਦੀ ਗਰਾਮਰ ਬਾਰੇ ਇਕ ਸੰਪੂਰਣ ਪੁਸਤਕ ਕਿਹਾ ਜਾ ਸਕਦਾ ਹੈ।

## ਦੁੱਖ ਭਰਿਆ ਸਮਾਚਾਰ

'ਸੁਬਾਸਕ' ਰਸਾਲੇ ਦੇ ਸੰਪਾਦਕ ਅਤੇ ਹੋਰ ਕਈ ਪੁਸਤਕਾਂ ਪੰਜਾਬੀ ਬੋਲੀ ਦੀ ਝੋਲੀ ਪਾਉਣ ਵਾਲੇ ਪ੍ਰਸਿੱਧ ਲੇਖਕ **ਜੰਗ ਬਹਾਦਰ ਸਿੰਘ ਘੁੰਮਣ** ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਸਕੇਪ ਪੰਜਾਬ ਸੰਸਥਾ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦੀ ਹੈ।



1

## ਗਰੀਬ ਨਹੀਂ, ਅਜੀਬ ਬਿਆਨ

ਡਾ. ਹਰਪਾਲ ਸਿੰਘ ਪੰਨੂ

+91 94642- 51454

ਉਰਦੂ, ਪੰਜਾਬੀ, ਹਿੰਦੀ ਵਿਚ ਕੁਝ ਮੁਹਾਵਰੇ ਅਜਿਹੇ ਹਨ ਜਿਨ੍ਹਾਂ ਕੋਈ ਪਿਛੋਕੜ ਜ਼ਰੂਰ ਹੋਵੇਗਾ ਪਰ ਹੁਣ ਪਤਾ ਨਹੀਂ, ਜਿਵੇਂ ਫੱਟੇ ਚੱਕ ਦਿੱਤੇ ਮਾਇਨੇ ਕਮਾਲ ਕਰ ਦਿੱਤੀ, ਪਰ ਫੱਟੇ ਕਿਸਨੇ, ਕਿਸਦੇ, ਕਿਹੜੇ ਚਕੇ ਸਨ, ਕਿਥੇ ਚਕੇ ਸਨ, ਕਦੋਂ ਚਕੇ ਸਨ ਪਤਾ ਨਹੀਂ। ਇਸੇ ਤਰ੍ਹਾਂ ਪੱਤੇ ਤੋੜ ਗਿਆ ਦਾ ਮਤਲਬ ਹੈ ਭੱਜ ਗਿਆ ਪਰ ਪੱਤਿਆਂ ਦਾ ਭੱਜਣ ਨਾਲ ਕੀ ਸਬੰਧ ਹੋਇਆ ? ਇਕ ਮੁਹਾਵਰਾ ਹੈ ਨੌ ਦੋ ਗਿਆਰਾਂ ਹੋ ਗਏ, ਯਾਨੀ ਕਿ ਭੱਜ ਗਏ। ਨੌ ਦੋ ਗਿਆਰਾਂ ਦਾ ਭੱਜਣ ਨਾਲ ਕੀ ਤਅਲੁਕ ;ਵਸ ਅੱਟੇ ਸੱਟੇ ਨਹੀਂ ਲਾਉਣੇ। ਜਿਸਨੂੰ ਇਨ੍ਹਾਂ ਮੁਹਾਵਰਿਆਂ ਦੇ ਪਿਛੋਕੜ ਦਾ ਪਤਾ ਹੈ ਜਰੂਰ ਪੰਜਾਬੀ ਪਾਠਕਾਂ ਨੂੰ ਦੱਸੇ। ਦੋ ਟੁਕ ਜਵਾਬ ਦੇਹ, ਦੋ ਟੁਕ ਮਾਇਨੇ ਹਾਂ ਜਾਂ ਨਾਂਹ। ਵਿਚਕਾਰਲਾ ਨਹੀਂ।

ਪ੍ਰੋਫੈਸਰ ਜੀ.ਐਸ. ਰਿਆਲ ਇਹੋ ਜਿਹੇ ਸਵਾਲਾਂ ਦਾ ਜਵਾਬ ਲੱਭ ਲਿਆ ਕਰਦੇ ਸਨ, ਹੁਣ ਉਨ੍ਹਾਂ ਦੀ ਥਾਂ ਬਲਜੀਤ ਬਾਸੀ ਫਰਜ਼ ਨਿਭਾ ਰਹੇ ਹਨ। ਪਿਛਲੇ ਦਿਨੀ ਖਬਰਾਂ ਪੜ੍ਹੀਆਂ ਕਈ ਸਿੱਖ ਜਥੇਬੰਦੀਆਂ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਹੈ ਕਿ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਅਸਤੀਫਾ ਦੇਣ, ਕਾਰਨ ਇਹ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕੰਟੇਨਰਾਂ ਵਿਚ ਭੇਜਣ ਦਾ ਫੈਸਲਾ ਕਿਉਂ ਕੀਤਾ। ਦੇਸਾਂ ਪਰਦੇਸਾਂ ਵਿਚ ਗੁਰੂ ਗ੍ਰੰਥ ਦਾ ਪ੍ਰਕਾਸ਼ ਹੋਵੇ, ਹਰੇਕ ਸਿੱਖ ਦੀ ਇੱਛਾ ਹੈ। ਗੁਰੂ ਗ੍ਰੰਥ ਦੇ ਸਰੂਪ ਬਾਹਰ ਕਿਵੇਂ ਲਿਜਾਏ ਜਾਣ ? ਧਨਾਡ ਲੋਕਾਂ ਨੇ ਤਰੀਕਾ ਕੱਢਿਆ। ਹਵਾਈ ਜਹਾਜ਼ ਦੀ ਇਕ ਸੀਟ ਉਤੇ ਇਕ ਬੀੜ ਸੁਭੋਤ ਕਰਕੇ ਲੈ ਜਾਓ, ਪੰਜ ਬੀੜਾਂ ਲਿਜਾਣੀਆਂ ਹਨ, ਪੰਜ ਸੀਟਾਂ ਬੁਕ ਕਰੋ। ਅੱਜ ਅਮਰੀਕਾ ਕੈਨੇਡਾ ਆਸਟ੍ਰੇਲੀਆ ਜਾਣ ਵਾਸਤੇ ਆਮ ਸੀਟ 70,80 ਹਜ਼ਾਰ ਰੁਪਏ ਦੀ ਹੈ। ਇਥੇ ਵੀ ਇਕ ਘੁਣਤਰ ਹੋਰ ਬੈਠੀ ਹੈ। ਵੀ.ਆਈ.ਪੀ ਸੀਟ ਸਵਾ ਲੱਖ ਦੀ ਹੈ। ਵੀ.ਆਈ.ਪੀ ਸੀਟ ਤੇ ਬੰਦੇ ਬੈਠੇ ਹੋਣ ਤੇ ਗੁਰੂ ਗ੍ਰੰਥ ਸਾਹਿਬ ਆਮ ਸੀਟ ਉਪਰ, ਇਹ ਵੀ ਬੇਅਦਬੀ ਹੋਈ। ਇਸ ਬਾਰੇ ਕਿਸੇ ਨੇ ਅਜੇ ਬਿਆਨ ਨਹੀਂ ਦਿੱਤਾ। ਮਹਾਰਾਜ ਦਾ ਸਰੂਪ ਕੰਟੇਨਰਾਂ ਵਿਚ ਜਾਵੇ ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦਾ ਹੈ। ਇਸ ਨੂੰ ਪ੍ਰੈੱਸ ਵਿਚ ਵੰਗਾਰਨਾ ਕਿਸ ਪਾਸੇ ਦੀ ਸਿੱਖੀ ਹੋਈ ?

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੀ ਹਥਿਆਰਬੰਦ ਟੁਕੜੀ ਨਾਲ ਦਰਬਾਰ ਸਾਹਿਬ ਮੱਥਾ ਟੇਕਣ ਜਾਇਆ ਕਰਦੇ ਸਨ। ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਨੇ ਪਰਿਕਰਮਾ ਵਿਚ ਹਥਿਆਰ ਲਿਜਾਣ ਖਿਲਾਫ ਹੁਕਮਨਾਮਾ ਜਾਰੀ ਕਰ ਦਿੱਤਾ। ਪ੍ਰੈੱਸ ਨੇ ਸੰਤ ਜੀ ਤੋਂ ਪ੍ਰਤੀਕਰਮ ਲਿਆ। ਸੰਤ ਜੀ ਨੇ ਕਿਹਾ - ਮੈਂ ਸਿੰਘ ਸਾਹਿਬ ਨੂੰ ਦੱਸਾਂਗਾ ਕਿ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸ਼ਸਤਰਧਾਰੀ ਸਿੰਘਾਂ ਨੂੰ ਪਸੰਦ ਕਰਦੇ ਸਨ, ਸ਼ਸਤਰ ਸਜਾਉਣ ਲਈ ਕਹਿੰਦੇ ਸਨ ਪਰ ਜੇ ਇਹ ਹੁਕਮਨਾਮਾ ਵਾਪਸ ਨਹੀਂ ਲੈਂਦੇ ਤਾਂ ਮੰਨਾਗਾਂ, ਕਿਉਂਕਿ ਹੁਕਮ ਅਕਾਲ ਤਖਤ ਸਾਹਿਬ ਦਾ ਹੈ, ਸਿੰਘ ਸਾਹਿਬ ਦਾ ਹੈ। ਇਨ੍ਹਾਂ ਜਥੇਬੰਦੀਆਂ ਦੀ ਕੋਈ ਆਚਾਰ ਸੰਘਿਤਾ ਨਹੀਂ ?

ਬ੍ਰਾਹਮਣਵਾਦ ਦਾ ਬ੍ਰਾਹਮਣ ਜਾਤੀ ਨਾਲ ਕੋਈ ਸਬੰਧ ਨਹੀਂ। ਮੇਰਾ ਵਾਹ ਬਹੁਤ ਸਾਰੇ ਬ੍ਰਾਹਮਣਾਂ ਨਾਲ ਪਿਆ ਹੈ ਜਿਹੜੇ ਬ੍ਰਾਹਮਣਵਾਦ ਦੇ ਸਖਤ ਖਿਲਾਫ ਹਨ। ਉਨ੍ਹਾਂ ਵਿਚੋਂ ਇਕ ਹਿਮਾਦਰੀ ਬੈਨਰਜੀ ਵੀ ਹਨ। ਪਹਿਲੋਂ ਇੰਦੂ ਭੂਸਨ ਬੈਨਰਜੀ, ਫਿਰ ਏ.ਸੀ. ਬੈਨਰਜੀ ਹੁਣ ਹਿਮਾਦਰੀ ਬੈਨਰਜੀ ਨੇ ਸਿੱਖ ਧਰਮ ਦੀ ਵਿਆਖਿਆਕਾਰੀ ਵਿਚ ਉਮਰਾਂ ਲੇਖੇ ਲਾ ਦਿੱਤੀਆਂ। ਉਨ੍ਹਾਂ ਨੂੰ ਸਿੱਖ ਧਰਮ ਇਸ ਕਰਕੇ ਚੰਗਾ ਲੱਗਿਆ ਕਿਉਂਕਿ ਇਸ ਵਿਚ ਬ੍ਰਾਹਮਣਵਾਦ ਨਹੀਂ ਹੈ। ਹਿਮਾਦਰੀ ਜੀ ਕਦੀ ਕਦੀ ਇਸ ਤਰ੍ਹਾਂ ਦੀ ਗੱਲ ਵੀ ਕਰ ਦਿਆ ਕਰਦੇ ਹਨ - ਪੰਨੂ ਸਾਹਿਬ, ਦਰਬਾਰ ਸਾਹਿਬ ਉਪਰ ਜੂਨ 1984 ਮੇਂ ਸੈਨਿਕ ਹਮਲਾ ਹੂਆ। ਮੈਨੇ ਯੇ ਹਮਲਾ ਨਹੀਂ ਕਰਵਾਇਆ, ਮੈਂ ਇਸ ਹਮਲੇ ਮੇਂ ਸ਼ਾਮਿਲ ਨਹੀਂ, ਮੈਂ ਇਸ ਹਮਲੇ ਕੇ ਖਿਲਾਫ ਹੂੰ। ਤੋ ਭੀ ਕਿਉਂਕਿ ਮੈਂ ਹਿੰਦੂ ਹੂੰ ਇਸ ਲੀਏ ਇਸ ਹਮਲੇ ਕੀ ਸ਼ਰਮਿੰਦਗੀ ਕਾ ਅਪਨੇ ਹਿੱਸੇ ਕਾ ਭਾਰ ਤੋ ਮੁਝੇ ਭੀ ਉਠਾਨਾ ਪੜਾ, ਉਠਾਨਾ ਪੜੇਗਾ। ਮੈਂ ਇਤਿਹਾਸਕਾਰ ਹੂੰ, ਸਿੱਖ ਮੁਝਸੇ ਪੂਛਤੇ ਹੈਂ ਮੈਨੇ ਯੇ ਹਮਲਾ ਕਯੂੰ ਕੀਆ।

ਗੱਲ ਹੋ ਰਹੀ ਸੀ ਗੁਰੂ ਗ੍ਰੰਥ ਸਾਹਿਬ ਨੂੰ ਕੰਟੇਨਰਾਂ ਵਿਚ ਲਿਜਾਣ ਦੀ। ਅਰਦਾਸ ਕਰਕੇ ਮਹਾਰਾਜ ਦੇ ਸਰੂਪ ਜੇ ਕੰਟੇਨਰਾਂ ਵਿਚ ਸਜਾ ਦਿੱਤੇ ਜਾਣ ਤੇ ਪੁੱਜਣ ਉਪਰੰਤ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਵੇ ਤਾਂ ਇਸ ਵਿਚ ਕੀ ਹਰਜ ? ਅਸੀਂ ਬਾਣੀ ਨੂੰ ਪਹੁੰਚ ਦੇ ਨੇੜੇ ਰੱਖਣਾ ਹੈ ਕਿ ਦੂਰ ਲਿਜਾਣਾ ਹੈ ? ਇਹੋ ਜਿਹੇ ਮੂਰਖਤਾ ਪੂਰਨ ਬਿਆਨਾ ਕਰਕੇ ਅਮਰੀਕਾ ਦੇ ਇਕ ਪ੍ਰਕਾਸ਼ਨ ਘਰ ਨੇ ਫੈਸਲਾ ਕੀਤਾ ਸੀ ਕਿ ਅਸੀਂ ਉਥੇ ਆਪੇ ਗੁਰੂ ਜੀ ਦੀਆਂ ਬੀੜਾਂ ਛਾਪ ਲਿਆ ਕਰਾਂਗੇ।

ਇਸ ਵੇਲੇ ਦੁਨੀਆਂ ਅੰਦਰ ਸਿੱਖ ਧਰਮ ਤੋਂ ਵਡੇਰੀ ਗਿਣਤੀ ਵਿਚ ਈਸਾਈ, ਮੁਸਲਮਾਨ ਅਤੇ ਹਿੰਦੂ ਹਨ। ਬਾਈਬਲ, ਕੁਰਾਨ ਤੇ ਗੀਤਾ ਬਾਰੇ ਕਦੀ ਇਸ ਤਰ੍ਹਾਂ ਦਾ ਤੂਫਾਨ ਨਹੀਂ ਉਠਿਆ ਕਿ ਇਹ ਧਰਮ ਗ੍ਰੰਥ ਕਿਵੇਂ ਲਿਜਾਏ ਜਾਣ। ਸਿੱਖ ਕਿਸ ਵਹਿਮ ਤੋਂ ਡਰੇ ਹੋਏ ਹਨ ? ਗੁਰੂ ਗ੍ਰੰਥ ਦੀ ਛਪਾਈ ਵੇਲੇ ਇਕ ਇਕ ਅੱਖਰ ਜੁੜਦਾ, ਫਿਰ ਛਪਦਾ, ਫਿਰ ਜਿਲਦਬੰਦੀ ਹੁੰਦੀ ਹੈ। ਇਹ ਕੰਮ ਵੀ ਬੇਅਦਬੀ ਪੂਰਨ ਲੱਗ ਸਕਦਾ ਹੈ

ਕਿਉਂਕਿ ਵਹਿਮ ਦੀ ਕੋਈ ਹੱਦ ਨਹੀਂ। ਇਹ ਵੀ ਮੰਗ ਹੋ ਸਕਦੀ ਹੈ ਕਿ ਹਵਾਈ ਜਹਾਜ ਵਿਚ ਇਕ ਇਕ ਸਰੂਪ ਨਾਲ ਪੰਜ ਪੰਜ ਸਿੰਘ, ਸੇਵਾਦਾਰਾਂ ਵਜੋਂ ਜਾਣੇ ਚਾਹੀਦੇ ਹਨ ਤਾਂ ਕਿ ਗੁਰੂ ਬਾਬਾ ਜੀ ਗੁਰਦੁਆਰੇ ਸੁਸ਼ੋਭਿਤ ਹੋ ਜਾਣ ਤੇ ਸੇਵਾਦਾਰ ਕਬੂਤਰ ਬਣ ਕੇ ਉਡ ਜਾਣ। ਬਾਹਰਲੇ ਦੇਸਾਂ ਵਿਚ ਜਾਣ ਲਈ ਸ਼ਰਮਨਾਕ ਕਿਸਮ ਦੇ ਤਰੀਕੇ ਵਰਤੀਂਦੇ ਦੇਖ ਚੁਕੇ ਹਾਂ।

ਇੱਕ ਵਾਰ ਫਤਿਹਗੜ ਸਾਹਿਬ ਤੋਂ ਖਬਰ ਛਪੀ ਹੈ- ਦੋ ਅਧਿਆਪਕਾਵਾਂ ਨੂੰ ਮਾਲਤੀ ਦੇਵੀ ਪੁਰਸਕਾਰ। ਖਬਰ ਵਿਚ ਦਸਿਆ ਹੈ ਕਿ ਇਸ ਜ਼ਿਲ੍ਹੇ ਦੀਆਂ ਦੋ ਅਧਿਆਪਕਾਵਾਂ ਨੂੰ ਉਕਤ ਪੁਰਸਕਾਰ ਮਿਲਿਆ ਹੈ। ਪੁਰਸਕਾਰ ਦੀ ਰਾਸ਼ੀ, ਮਾਣ ਪੱਤਰ ਤੇ ਦੇਣ ਵਾਲਿਆਂ ਦੇ ਨਾਮ ਛਪੇ ਹਨ। ਦਿੱਲੀ ਵਿਚ ਇਹ ਇਨਾਮ ਕਿਸ ਥਾਂ ਦਿੱਤਾ ਗਿਆ ਇਹ ਵੀ ਪਤਾ ਲੱਗ ਗਿਆ। ਖਬਰ ਵਿਚ ਇਹ ਨਹੀਂ ਲਿਖਿਆ ਕਿ ਕਰਮਾ ਵਾਲੀਆਂ ਇਹ ਸਨਮਾਨਿਤ ਮਾਸਟਰਨੀਆਂ ਹੈਂ ਕੌਣ ? ਢੋਲ ਢਮੱਕੇ ਨਾਲ ਗੱਜ ਵੱਜ ਕੇ ਬਰਾਤ ਜਾ ਰਹੀ ਹੈ, ਲਾੜਾ ਲਾੜੀ ਗੈਰ ਹਾਜਰ ਹਨ।

ਇਕ ਵਾਰੀ ਕਿਸੇ ਕਾਲਜ ਵਿਚ ਇਹੋ ਕੁਝ ਹੋਇਆ ਸੀ। ਇਕ ਅਧਿਆਪਕ ਨੂੰ ਰਿਟਾਇਰਮੈਂਟ ਵੇਲੇ ਚਾਹ ਪਾਰਟੀ ਦਿੱਤੀ ਗਈ। ਸ਼ਬਦਾਂ ਦੇ ਹੰਝੂ ਵਹਾਏ ਗਏ, ਜਜ਼ਬਾਤੀ ਲੱਛੇਦਾਰ ਤਕਰੀਰਾਂ ਹੋਈਆਂ, ਫਿਰ ਚਾਹ ਪੀਣ ਦੀ ਬੇਨਤੀ ਹੋਈ। ਚਾਹ ਸਮੋਸਿਆਂ ਉਪਰ ਟੁੱਟ ਕੇ ਪੈ ਗਏ। ਜਿਸ ਅਧਿਆਪਕ ਵਾਸਤੇ ਵਿਦਾਇਗੀ ਪਾਰਟੀ ਦਾ ਇੰਤਜ਼ਾਮ ਕੀਤਾ ਗਿਆ ਉਸਦੇ ਖਾਣ ਲਈ ਨਾ ਸਮੋਸਾ ਬਚਿਆ ਨਾ ਚਾਹ ਦਾ ਕੱਪ। ਚਲੋ ਤਾਂ ਕੀ ਹੋਇਆ। ਜੇ ਭੁੱਖ ਲਗੀ ਹੈ ਤਾਂ ਦਸ ਰੁਪਏ ਖਰਚ ਕੇ ਰਸਤੇ ਵਿਚੋਂ ਖਾ ਲਏ। ਇਨ੍ਹਾਂ ਬਿਆਨਾਂ, ਖਬਰਾਂ, ਘਟਨਾਵਾਂ ਨੂੰ ਅਜੀਬੋ ਗਰੀਬ ਕਿਹਾ ਜਾਂਦਾ ਹੈ। ਇਹ ਅਜੀਬ ਤਾਂ ਹਨ, ਗਰੀਬ ਬਿਲਕੁਲ ਨਹੀਂ। ਫਿਰ ਇਹ ਮੁਹਾਵਰਾ ਕਿਵੇਂ ਬਣ ਗਿਆ ? ਅਜੀਬੋ ਗਰੀਬ ਵਿਚ ਗਰੀਬ ਸ਼ਬਦ ਨੂੰ ਕਿਉਂ ਬਦਨਾਮ ਕੀਤਾ ਜਾ ਰਿਹੈ ? ਗਰੀਬਾਂ ਦੀ ਬੇਇਜਤੀ ਕਰਨ ਦੇ ਹੋਰ ਬਥੇਰੇ ਢੰਗ ਹਨ। ਇਬਨੇ ਇੰਸ਼ਾ ਲਿਖਦਾ ਹੈ - ਪਹਿਲਾਂ ਅਸੀਂ ਅੰਗਰੇਜ਼ਾਂ ਦੇ ਗੁਲਾਮ ਸਾਂ, ਹੁਣ ਆਜ਼ਾਦ ਹਾਂ। ਪਹਿਲਾਂ ਬੇਰੁਜ਼ਗਾਰੀ, ਬੇਈਮਾਨੀ ਬੜੀ ਹੁੰਦੀ ਸੀ, ਹੁਣ ਨਾ ਕੋਈ ਬੇਰੁਜ਼ਗਾਰ ਹੈ ਨਾ ਬੇਈਮਾਨ। ਪਹਿਲਾਂ ਗਰੀਬਾਂ ਦੀ ਕੋਈ ਪੁਛ ਪ੍ਰਤੀਤ ਨਹੀਂ ਸੀ। ਹੁਣ ਗਰੀਬਾਂ ਦੀ ਪੁਛ ਪ੍ਰਤੀਤ ਏਨੀ ਵਧ ਗਈ ਹੈ ਕਿ ਉਹ ਤੰਗ ਆਏ ਕਹਿੰਦੇ ਹਨ - ਸਾਡਾ ਖਹਿੜਾ ਛੱਡੋ, ਹੁਣ ਅਮੀਰਾਂ ਦੀ ਪੁਛ ਪ੍ਰਤੀਤ ਕਰੋ।



**ਰਾਜਨੀਤਿਕ ਸਰੋਕਾਰ**

ਗੁਰਮੀਤ ਸਿੰਘ ਪਲਾਹੀ

+91 98158 02070

## ਨੌਜਵਾਨਾਂ ਦੀ ਅਹਿਮ ਭੂਮਿਕਾ ਹੋਵੇਗੀ ਪੰਜਾਬ ਦੀ ਅਗਲੀ ਸਰਕਾਰ ਬਨਾਉਣ ਵਿੱਚ

ਆਮ ਆਦਮੀ ਪਾਰਟੀ ਦੇ ਸਰਬੋ-ਸਰਬਾ ਅਰਵਿੰਦ ਕੇਜਰੀਵਾਲ ਨੇ ਤਿੰਨ ਜੁਲਾਈ 2016 ਨੂੰ ਅੰਮ੍ਰਿਤਸਰ ਪੁੱਜਕੇ ਇੱਕ ਸਮਾਗਮ ਦੌਰਾਨ ਆਪਣੀ ਪਾਰਟੀ ਦੀ ਚੋਣ-ਮੁਹਿੰਮ ਦਾ ਆਰੰਭ ਕੀਤਾ। ਭਾਵੇਂ ਕਿ ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਪੰਜਾਬ ਚੋਣਾਂ ਲਈ ਪਹਿਲਾਂ ਹੀ ਪੱਬਾਂ-ਭਾਰ ਹੋਈਆਂ, ਇੱਕ ਦੂਜੀ ਰਾਜਨੀਤਕ ਪਾਰਟੀ ਨਾਲ ਤਾਹਨੇ-ਮਿਹਣੇ ਹੋਈਆਂ ਪਈਆਂ ਹਨ ਅਤੇ ਇੱਕ ਦੂਜੇ ਦੇ ਨੇਤਾ ਦੇ ਗੁਣਾਂ-ਅਵਗੁਣਾਂ ਦੇ ਪੋਤੜੇ ਫੋਲਣ ਦੇ ਆਹਰ ਵਿੱਚ ਲੱਗੀਆਂ ਹੋਈਆਂ ਹਨ। ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਪੰਜਾਬ ਦੇ ਚੋਣ ਮੁਹਿੰਮ ਦੇ ਆਰੰਭ ਵਜੋਂ ਪੰਜਾਬ ਦੇ ਨੌਜਵਾਨਾਂ ਦੀ "ਵਿਸ਼ੇਸ਼ ਭੂਮਿਕਾ ਵਜੋਂ ਆਮ ਆਦਮੀ ਪਾਰਟੀ ਦਾ "ਯੂਥ ਮੈਨੀਫੈਸਟੋ" ਸਭ ਤੋਂ ਪਹਿਲਾ ਰਲੀਜ਼ ਕੀਤਾ ਭਾਵੇਂ ਕਿ ਆਮ ਆਦਮੀ ਪਾਰਟੀ ਵਲੋਂ ਕਿਸਾਨਾਂ , ਦਲਿਤਾਂ , ਔਰਤਾਂ ਅਤੇ ਹਰ ਵਰਗਾਂ ਲਈ ਮੈਨੀਫੈਸਟੋ "ਪੰਜਾਬ ਡਾਇਲਾਗ" ਟੀਮ ਵਲੋਂ ਪੂਰੇ ਪੰਜਾਬ 'ਚ ਘੁੰਮ ਫਿਰਕੇ, ਮੀਟਿੰਗਾਂ ਕਰਕੇ, ਲੋਕਾਂ ਦੀ ਰਾਏ ਜਾਣਕੇ ਤਿਆਰ ਕੀਤੇ ਜਾ ਰਹੇ ਹਨ। ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ ਪਹਿਲਾਂ ਹੀ ਨੌਜਵਾਨ ਫਰੰਟ ਉਤੇ ਲਗਾਤਾਰ ਕੰਮ ਕਰ ਰਹੀਆਂ ਹਨ ਅਤੇ ਆਪਣੇ ਵਿਦਿਆਰਥੀ ਵਿੰਗਾਂ ਅਤੇ ਨੌਜਵਾਨ ਸਭਾਵਾਂ ਦੇ ਫਰੰਟ 'ਤੇ ਨੌਜਵਾਨਾਂ ਦੀਆ ਸਮੱਸਿਆਵਾਂ ਦੀ ਪੁਣ-ਛਾਣ ਕਰਕੇ ਉਨਹਾਂ ਨੂੰ ਇੱਕ ਝੰਡੇ ਥੱਲੇ ਕਰਨ ਦੇ ਆਹਰ ਵਿੱਚ ਹਨ। ਸ਼੍ਰੋਮਣੀ ਅਕਾਲੀ ਦਲ [ਬ] ਵਲੋਂ ਵਿਦਿਆਰਥੀ ਅਤੇ ਨੌਜਵਾਨਾਂ ਦੇ ਫਰੰਟ ਉਤੇ ਪਹਿਲ ਕਦਮੀ ਕਰਦਿਆਂ ਭਾਰੀ ਭਰਕਮ ਆਹੁਦੇਦਾਰਾਂ ਦੀਆਂ ਲਿਸਟਾਂ ਜਾਰੀ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਦੇ ਉਪਰਾਲੇ ਹੋ ਰਹੇ ਹਨ ਅਤੇ ਰਾਜਨੀਤਕ ਪਾਰਟੀਆਂ ਵਲੋਂ ਸੋਸ਼ਲ ਮੀਡੀਆ ਪ੍ਰਚਾਰ ਰਾਹੀਂ ਸਿਖਿਅਤ ਆਈ. ਟੀ ਨੌਜਵਾਨਾਂ ਦੀਆਂ ਸੇਵਾਵਾਂ ਲੈ ਕੇ ਉਨ੍ਹਾਂ ਨੂੰ ਆਪੋ ਆਪਣੇ ਪ੍ਰੋਗਰਾਮ ਪਰੋਸਣ ਦਾ ਭਰਵਾਂ ਯਤਨ ਹੋ ਰਿਹਾ ਹੈ। ਹਾਕਮ ਪਾਰਟੀ ਪੁਰਜ਼ੋਰ ਕੋਸ਼ਿਸ਼ ਕਰ ਰਹੀ ਹੈ ਕਿ ਵੱਖੋ-ਵੱਖਰੇ ਵਿਭਾਗਾਂ ਵਿੱਚ ਖਾਲੀ ਪਈਆਂ ਸਰਕਾਰੀ ਅਸਾਮੀਆਂ ਜਿੰਨੀ ਛੇਤੀ ਹੋ ਸਕੇ ਭਰ ਲਈਆਂ ਜਾਣ, ਜਿਸ ਵਾਸਤੇ ਪੰਜਾਬ ਪੁਲਿਸ ਵਿੱਚ 7000 ਅਸਾਮੀਆਂ, [ ਇਨ੍ਹਾਂ ਅਸਾਮੀਆਂ ਵਾਸਤੇ ਪੰਜਾਬ ਦੇ ਲਗਭਗ 6 ਲੱਖ ਨੌਜਵਾਨਾਂ ਨੇ ਅਪਲਾਈ

ਕੀਤਾ ਹੈ।] ਸਿੱਖਿਆ ਵਿਭਾਗ ਦੀਆਂ 12000 ਅਸਾਮੀਆਂ ਅਤੇ ਹੋਰ ਵਿਭਾਗਾਂ ਵਿੱਚ ਵੀ ਸੈਂਕੜੇ ਅਸਾਮੀਆਂ ਜੰਗੀ ਪੱਧਰ ਉੱਤੇ ਭਰਨ ਲਈ ਜੰਗੀ ਪੱਧਰ ਉੱਤੇ ਕੋਸ਼ਿਸਾਂ ਜਾਰੀ ਹਨ। ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਵਲੋਂ ਵੀ ਨੌਜਵਾਨਾਂ ਨੂੰ ਪੰਜਾਬ ਦੀ ਸਿਆਸਤ ਵਿੱਚ ਅੱਗੇ ਲਿਆਉਣ ਲਈ ਯਤਨ ਜਾਰੀ ਹਨ ਅਤੇ ਪੰਜਾਬ ਕਾਂਗਰਸ ਨੇ ਤਾਂ ਪੰਜਾਬ ਚੋਣਾਂ ਵਿੱਚ 40% ਨੌਜਵਾਨਾਂ ਨੂੰ ਵਿਧਾਨ ਸਭਾ ਚੋਣਾਂ, [ਆਪਣੇ ਨੌਜਵਾਨ ਰਾਸ਼ਟਰੀ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਆਦੇਸ਼ ਉੱਤੇ] ਵਿੱਚ ਉਮੀਦਵਾਰ ਉਤਾਰਨ ਲਈ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ, ਜਿਸ ਵਾਸਤੇ ਜਿਥੇ ਕਾਂਗਰਸ ਪਾਰਟੀ ਆਗੂਆਂ ਵੱਲੋਂ, ਆਪਣੇ ਨੌਜਵਾਨ ਪੁਤਰਾਂ, ਪੁਤਰੀਆਂ,ਨੌਜਵਾਨ ਰਿਸ਼ਤੇਦਾਰਾਂ ਨੂੰ ਅੱਗੇ ਲਿਆਉਣ ਲਈ ਵਿਊਂਤਾਂ ਗੁੰਦੀਆਂ ਜਾ ਰਹੀਆਂ ਹਨ, ਉਥੇ ਵਿਧਾਨ ਸਭਾ ਚੋਣਾਂ 'ਚ ਟਿਕਟਾਂ ਦਾ ਲਾਲਚ ਦੇਕੇ ਬਹੁਜਨ ਸਮਾਜ ਪਾਰਟੀ, ਡਾ. ਅੰਬੇਦਕਰ ਸੈਨਾ ਜਿਹੀਆਂ ਪਾਰਟੀਆਂ ਤੇ ਜੱਥੇਬੰਦੀਆਂ ਦੇ ਸਰਗਰਮ ਨੌਜਵਾਨ ਕਾਰਕੁੰਨਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਤਾਂ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਦੇ ਵੋਟ ਬਟੋਰੇ ਜਾ ਸਕਣ ।

ਪੰਜਾਬ ਦਾ ਨੌਜਵਾਨ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿੱਚ ਚਰਚਾ 'ਚ ਹੈ। ਜਿਥੇ ਪੰਜਾਬ ਦੀ ਸਮੁੱਚੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ 'ਚ ਗ੍ਰਸਤ ਦਸਕੇ, ਰਾਜਨੀਤਕ ਪਾਰਟੀਆਂ ਸਿਆਸਤ ਕਰ ਰਹੀਆਂ ਹਨ, ਉਥੇ ਨਸ਼ਾ ਤਸਕਰੀ ਦੇ ਮੁੱਦੇ ਨੂੰ ਲੁਕੋ ਕੇ, ਸਿਰਫ ਪੰਜਾਬੀ ਨੌਜਵਾਨਾਂ ਨੂੰ ਬਦਨਾਮ ਕਰਨ ਦੀ ਕੋਈ ਸਿਆਸੀ ਚਾਲ ਵੀ ਚੱਲੀ ਜਾ ਰਹੀ ਹੈ। ਬਿਨ੍ਹਾ-ਸ਼ੱਕ ਪੰਜਾਬ ਦਾ ਨੌਜਵਾਨ ਬੇ-ਰੁਜ਼ਗਾਰੀ ਦੀ ਮਾਰ ਝੱਲ ਰਿਹਾ ਹੈ, ਮਹਿੰਗੀ ਪੜ੍ਹਾਈ ਕਰਕੇ ਵੀ ਉਸਨੂੰ ਨੌਕਰੀ ਨਹੀਂ ਮਿਲਦੀ, ਆਪਣੇ ਚੰਗੇ ਭਵਿੱਖ ਲਈ ਵਿਦੇਸ਼ਾਂ ਨੂੰ ਭੱਜਣ ਲਈ ਉਸਨੂੰ ਮਜ਼ਬੂਰ ਕਰ ਦਿਤਾ ਗਿਆ ਹੈ, ਜਾਂ ਭਟਕੇ ਹੋਏ, ਉਪਰਾਮ ਹੋਏ ਯੁਵਕ ਗੈਂਗ ਟੋਲਿਆਂ ਵਿੱਚ ਵੀ ਸ਼ਾਮਲ ਹੋ ਰਹੇ ਹਨ, ਪਰ ਵੱਡੀ ਗਿਣਤੀ ਨੌਜਵਾਨ ਸ਼ਹੀਦ ਭਗਤ ਸਿੰਘ ਦੇ ਵਾਰਿਸ ਬਣਕੇ ਪੰਜਾਬ ਦੀ ਮੌਜੂਦਾ ਉਲਝੀ ਹੋਈ ਤਾਣੀ ਨੂੰ ਸੁਲਝਾਉਣ ਲਈ ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ, ਗੁੱਟਾਂ, ਪੰਜਾਬ ਹਿਤੈਸ਼ੀ ਸੰਸਥਾਵਾਂ 'ਚ ਸ਼ਾਮਲ ਹੋ ਕੇ ਪੰਜਾਬ 'ਚ ਪੰਜਾਬ ਹਿਤੂ, ਲੋਕ-ਭਲਾਈ ਵਾਲੀ ਸਰਕਾਰ ਲਿਆਉਣ ਲਈ ਸੰਘਰਸ਼ਸ਼ੀਲ ਹਨ ਤਾਂ ਕਿ ਪੰਜਾਬ 'ਚ ਵੱਧ ਰਹੀ ਬੇਰੁਗ਼ਗਾਰੀ, ਕੁਨਬਾਪਰਵਰੀ, ਭ੍ਰਿਸ਼ਟਾਚਾਰ, ਅਫਸਰਸ਼ਾਹੀ, ਬਾਬੂਸ਼ਾਹੀ ਦੇ ਆਪ-ਹੁਦਰੇਪਨ ਨੂੰ ਨੱਥ ਪਾਈ ਜਾ ਸਕੇ।

ਲਗਭਗ ਹਰ ਰਾਜਨੀਤਕ ਪਾਰਟੀ ਸਮੇਤ ਆਮ ਆਦਮੀ ਅਤੇ ਕਾਂਗਰਸ ਪਾਰਟੀ ਵਲੋਂ ਸਿੱਖਿਆ, ਸਿਹਤ, ਨਸ਼ਿਆਂ, ਬੇਰੁਜ਼ਗਾਰੀ ਅਤੇ ਖੇਡਾਂ ਪ੍ਰਤੀ ਪੰਜਾਬ 'ਚ ਹੋ ਰਹੀ ਦੁਰਦਸ਼ਾ ਦਾ ਖਾਸ ਨੋਟਿਸ ਲਿਆ ਜਾ ਰਿਹਾ ਹੈ। ਹਾਕਮ ਧਿਰ ਵੀ ਇਨ੍ਹਾਂ ਮੁੱਦਿਆਂ ਪ੍ਰਤੀ ਆਪਣਾ ਪੱਖ ਪੇਸ਼ ਕਰਨ ਅਤੇ ਇਨ੍ਹਾਂ ਖੇਤਰਾਂ 'ਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਇਸ ਸਮੇਂ ਪੰਜਾਬ ਵਿੱਚ ਅਧਿਆਪਕਾਂ ਦੀਆਂ ਸਵਾ ਲੱਖ ਪੋਸਟਾਂ ਹਨ, ਜਿਨ੍ਹਾਂ ਵਿੱਚੋਂ 30,000 ਖਾਲੀ ਹਨ। ਪ੍ਰਾਇਮਰੀ ਅਧਿਆਪਕਾਂ ਦੀਆਂ 43000 ਪੋਸਟਾਂ ਵਿੱਚੋਂ 11000 ਖਾਲੀ ਹਨ। ਆਈ.ਟੀ.ਆਈ. ਵਿਚ 14000 ਸੀਟਾਂ ਇਸ ਵਰ੍ਹੇ ਆਈ.ਟੀ.ਆਈ. ਟਰੇਂਨਰ ਇਨ੍ਹਾਂ ਸੰਸਥਾਵਾਂ ਵਿੱਚ ਉਪਲੱਬਧ ਨਾ ਹੋਣ ਕਾਰਨ ਖਾਲੀ ਰਹੀਆਂ। ਪੰਜਾਬ ਦੇ ਨੌਜਵਾਨਾਂ ਨੂੰ ਪੜ੍ਹਾਈ ਲਈ ਪ੍ਰਾਈਵੇਟ ਖੇਤਰ 'ਚ ਖੁਲ੍ਹੀਆਂ ਯੂਨੀਵਰਸੀਟੀਆਂ ਦੀ ਲੁੱਟ ਦਾ ਸ਼ਿਕਾਰ ਤਾਂ ਹੋਣਾ ਹੀ ਪਿਆ, ਸਰਕਾਰ ਨੇ ਵੀ ਪਿਛਲੇ ਪੰਜਾਂ ਸਾਲਾਂ ਵਿੱਚ ਟੀ.ਈ.ਟੀ, ਪ੍ਰੀਖਿਆਵਾਂ, ਜੋ ਸਰਕਾਰੀ ਅਧਿਆਪਕ ਭਰਤੀ ਕਰਨ ਲਈ ਯੋਗਤਾ ਪਰਖਣ ਲਈ ਕੀਤੀਆਂ ਜਾਂਦੀਆਂ ਹਨ] ਨਾਲ 120 ਕਰੋੜ ਕਮਾਏ, ਪਰ ਨੌਕਰੀਆਂ ਇਨ੍ਹਾਂ ਵਿੱਚੋ ਮਸਾਂ ਸੈਂਕੜੇ ਅਧਿਆਪਕ ਹੀ ਲੈ ਸਕੇ।ਕੁਝ ਨੌਜਵਾਨ ਜਿਹੜੇ ਸਿਹਤ ਵਿਭਾਗ ਵਿੱਚ ਫਾਰਮਾਸਿਸਟ ਵਜੋਂ ਜਾਂ ਹੋਰ ਟੈਕਨੀਕਲ ਪੋਸਟਾਂ ਉਤੇ ਠੇਕੇਦਾਰੀ ਸਿਸਟਮ ਅਧੀਨ ਭਾਰਤੀ ਵੀ ਕੀਤੇ ਗਏ, ਉਹ ਰੈਗੂਲਰ ਹੋਣ ਲਈ ਨਿੱਤ ਸੰਘਰਸ਼ ਦੇ ਰਾਹ ਪਏ ਹੋਏ ਹਨ। ਇਸੇ ਤਰ੍ਹਾਂ ਖੇਡਾਂ ਦੇ ਖੇਤਰ 'ਚ ਹਾਲਤ ਇਹ ਹੈ ਕਿ 1623 ਖੇਡ ਅਧਿਆਪਕਾਂ ਦੀਆਂ ਪੋਸਟਾਂ ਪੰਜਾਬ 'ਚ ਖਾਲੀ ਹਨ ਅਤੇ ਭਰਤੀ ਹੀ ਨਹੀਂ ਹੋ ਰਹੀ। ਪੰਜਾਬ ਦੀ ਟੈਕਨੀਕਲ ਯੂਨੀਵਰਸਿਟੀ ਨੇ ਪਿਛਲੇ ਦਸ ਸਾਲਾਂ ਵਿੱਚ ਨੋਜਵਾਨਾਂ ਨੂੰ ਡਿਸਟੈਂਸ ਐਜੂਕੇਸ਼ਨ ਡਿਗਰੀਆਂ ਅਤੇ ਹੋਰ ਵੱਖੋ-ਵੱਖਰੇ ਖੇਤਰਾਂ 'ਚ ਰੰਗ ਬਰੰਗੇ ਕੋਰਸ ਚਲਾ ਕੇ , ਜਿਨ੍ਹਾਂ ਲਈ ਨੌਕਰੀ ਉਪਲੱਬਧ ਹੀ ਨਹੀਂ ਹੁੰਦੀ, ਬੁਰੀ ਤ੍ਰਾਂ ਲੁੱਟਿਆ ਅਤੇ ਨੌਜਵਾਨਾਂ ਤੋਂ ਇਨ੍ਹਾਂ ਦਸ ਸਾਲਾਂ ਵਿੱਚ 200 ਕਰੋੜ ਰੁਪੱਈਏ ਠੱਗ ਲਏ। ਇਹੋ ਜਿਹੇ ਕਾਰਨਾਂ ਕਰਕੇ ਪੰਜਾਬ ਦਾ ਨੌਜਵਾਨ, ਮੌਜੂਦਾ ਹਾਕਮਾਂ ਪ੍ਰਤੀ ਰੋਸ ਆਪਣੇ ਮਨ 'ਚ ਬਿਠਾਈ ਬੈਠਾ ਹੈ ਅਤੇ ਉਸਨੂੰ ਜਿਥੋਂ ਕਦੇ ਅਤੇ ਕਿਧਰਿਓ ਵੀ ਅਪਣੇ ਭਵਿੱਖ ਦੇ ਸੁਪਨੇ ਪੂਰੇ ਹੋਣ ਦੀ ਕੋਈ ਵੀ ਲੋਅ ਵਿਖਾਈ ਦਿੰਦੀ ਹੈ, ਉਹ ਵਹੀਰਾਂ ਘੱਤਕੇ ਉਧਰ ਹੀ ਤੁਰਿਆ ਨਜ਼ਰ ਆਉਂਦਾ ਹੈ। ਕੁਝ ਵਰ੍ਹੇ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਨੇ ਆਪਣਾ ਇੱਕ ਇਮਾਨਦਾਰ ਸਿਆਸਤਦਾਨ ਦਾ ਚਿਹਰਾ ਜਦੋਂ ਲੋਕਾਂ ਸਾਹਮਣੇ ਲਿਆਂਦਾ, ਨੌਜਵਾਨਾਂ ਦੇ ਸੁਪਨਿਆਂ ਦੇ ਸਿਰਤਾਜ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਪੰਜਾਬ 'ਚ ਚੰਗੇਰਾ ਪ੍ਰਸ਼ਾਸ਼ਨ ਦੇਣ ਦੀ ਸਹੁੰ ਸ਼ਹੀਦ ਭਗਤ ਸਿੰਘ ਦੇ ਬੁੱਤਾਂ ਦੇ ਸਾਹਮਣੇ ਜਾ ਕੇ ਖਾਧੀ, ਖਾਸ ਕਰਕੇ ਨੌਜਵਾਨਾਂ ਉਨਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਭਾਵੇਂ ਕਿ ਬਾਅਦ 'ਚ ਨਿਰਾਸ਼ਤਾ ਹੀ ਉਹਨਾਂ ਪੱਲੇ ਪਈ। ਇਸੇ ਤਰ੍ਹਾਂ ਹੀ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੂੰ ਨੌਜਵਾਨਾਂ, ਪੜ੍ਹਿਆਂ ਮੁੱਛ ਫੁੱਟ ਗੱਭਰੂਆਂ ਦਾ ਅੰਦਰੋ ਗਤੀ ਭਰਪੂਰ ਸਹਿਯੋਗ ਲੋਕ ਸਭਾ ਚੋਣਾਂ

'ਚ ਮਿਲਿਆ, ਭਾਵੇਂ ਕਿ ਇਸ ਪਾਰਟੀ ਦੇ ਨਾ ਤਾਂ ਉਹ ਪੱਕੇ ਮੈਂਬਰ ਸਨ, ਨਾ ਵਰਕਰ, ਪਰ ਇੱਕ ਉਸ ਪਾਰਟੀ ਨੂੰ ਨੌਜਵਾਨਾਂ ਅੱਖਾਂ ਮੀਟਕੇ ਵੋਟ ਪਾਈ ਜਿਸ ਬਾਰੇ ਉਹ ਬਹੁਤਾ ਕੁਝ ਨਹੀਂ ਸਨ ਜਾਣਦੇ ਉਨ੍ਹਾਂ ਆਪਣੇ ਮਾਪਿਆਂ ਅਤੇ ਹੋਰਨਾਂ ਨੂੰ ਵੀ ਪ੍ਰੇਰਿਆ ਕਿ ਉਹ ਭ੍ਰਿਸ਼ਟਾਚਾਰ ਰਹਿਤ ਪੰਜਾਬ ਸਿਰਜਨ ਲਈ ਆਪ ਨੂੰ ਵੋਟ ਪਾਉਣ ਅਤੇ ਇਹ ਪਾਰਟੀ ਉਨਾਂ ਚੋਣਾਂ 'ਚ ਪਹਿਲੀ ਵਾਰ ਹੀ ਭੁਗਤੀਆਂ ਵੋਟਾਂ ਵਿਚੋਂ 30 % ਵੋਟਾਂ ਪ੍ਰਾਪਤ ਕਰ ਗਈ ,ਚਾਰ ਲੋਕ ਸਭਾ ਸੀਟਾਂ ਜਿੱਤ ਗਈ, ਹੋਰਨਾਂ ਬਹੁਤੀਆਂ ਲੋਕ ਸਭਾ ਸੀਟਾਂ 'ਚ ਇਸਦੇ ਉਮੀਦਵਾਰਾਂ ਤਗੜੀਆਂ ਵੋਟਾਂ ਪ੍ਰਾਪਤ ਕੀਤੀਆਂ। ਪਰ ਇਸ ਪਾਰਟੀ ਦਾ ਆਪਣਾ ਕੋਈ ਸਥਾਈ ਪਾਰਟੀ ਜਨ ਅਧਾਰ ਨਾ ਹੋਣ ਕਾਰਨ, ਇਹ ਪਾਰਟੀ ਪਿਛਲੇ ਸਮੇਂ 'ਚ ਵਿਖਰੀ- ਵਿਖਰੀ ਨਜ਼ਰ ਆ ਰਹੀ ਹੈ, ਜਿਸ ਵਿਚੋਂ ਦੋ ਮੈਂਬਰ ਲੋਕ ਸਭਾ ਵੱਖ ਹੋ ਗਏ, ਇਕ ਹੋਰ ਧੜਾ ਇਸ ਵਿਚ ਬਣ ਗਿਆ ਅਤੇ ਨੌਜਵਾਨਾਂ ਦਾ ਇਸ ਪਾਰਟੀ ਪ੍ਰਤੀ ਬਣਿਆ ਡੂੰਘਾ ਵਿਸ਼ਵਾਸ ਇਸ ਸਮੇਂ ਉਖੜਿਆ ਨਜ਼ਰ ਆ ਰਿਹਾ ਹੈ। ਭਾਵੇਂ ਕਿ ਇਸਦੇ ਕੁਝ ਨੇਤਾ ਪਾਰਟੀ ਪ੍ਰੋਗਰਾਮ ਲੋਕਾਂ ਸਾਹਮਣੇ ਪੇਸ਼ ਇਸ ਕਰਕੇ ਸੰਗਠਨ ਨਾਲ ਲੋਕਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਆਪਣੇ ਨਾਲ ਬਣਾਈ ਰੱਖਣ ਦਾ ਯਤਨ ਕਰ ਰਹੇ ਹਨ। ਪੰਜਾਬ ਦੇ ਅਧਿਆਪਕ ਜਿਹੜੇ ਪੰਜਾਬ ਚੋਣਾਂ ਸਮੇਂ ਸਰਕਾਰ ਬਨਾਉਣ ਸਮੇਂ ਅਹਿਮ ਰੋਲ ਅਦਾ ਕਰਦੇ ਹਨ, ਕੀ ਉਨਾਂ ਪ੍ਰਤੀ ਨੇਤਾਵਾਂ ਵਲੋਂ ਕਟਾਖਸ਼ ਕਰਕੇ, ਉਨਾਂ ਨੂੰ ਕੋਈ ਵੀ ਪਾਰਟੀ ਆਪਣੇ ਨਾਲ ਰੁਸਾ ਲੈਣ ਦਾ ਹੀਆ ਕਰ ਸਕਦੀ ਹੈ? ਪੰਜਾਬ ਦਾ ਕਿਸਾਨ ਜਿਹੜਾ ਕਰਜ਼ਾਈ ਹੈ, ਨਿੱਤ ਕਰਜ਼ਿਆਂ ਕਾਰਨ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋਇਆ ਪਿਆ ਹੈ, ਜਿਸਦੇ ਸਿਰ 32000 ਕਰੋੜ ਦੇ ਗੈਰ ਬੈਂਕ ਕਰਜ਼ੇ ਹਨ, ਅਤੇ ਜਿਨਾਂ ਦੇ ਨਿਪਟਾਰੇ ਲਈ ਮੌਜੂਦਾ ਹਾਕਮਾਂ ਨੇ ਪੰਜਾਬ ਕਰਜ਼ਾ ਨਿਪਟਾਰਾ ਐਕਟ ਬਣਾਕੇ ਕਿਸਾਨਾਂ ਦੀ ਹਿਮਾਇਤ ਪ੍ਰਾਪਤ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਹੈ ਕੀ ਉਨਾਂ ਕਿਸਾਨਾਂ ਨੂੰ ਮਿਲਦੀਆਂ ਸਬਸਿਡੀਆਂ ਬਾਰੇ ਮੁੜ ਵਿਚਾਰ ਸਮੇਤ ਮੁਫਤ ਬਿਜਲੀ ਬੰਦ ਕਰਨ ਦਾ ਬਿਆਨ ਦੇਣਾ ਕਿਸੇ ਵੀ ਸਿਆਸੀ ਪਾਰਟੀ ਦੇ ਅਧਾਰ ਨੂੰ ਖੋਰਾ ਲਾਉਣ ਸਮਾਨ ਨਹੀਂ? ਕੀ ਪੰਜਾਬ ਦਾ ਵੱਡੀ ਗਿਣਤੀ ਨੌਜਵਾਨ ਜੋ ਕਿਸਾਨੀ ਪਿਛੋਕੜ ਵਾਲਾ ਹੈ ਦਾ ਮੋਹ ਇਹੋ ਜਿਹੀ ਪਾਰਟੀ ਤੋਂ ਭੰਗ ਨਹੀਂ ਹੋਵੇਗਾ?

ਪੰਜਾਬ ਦੀਆਂ ਚੋਣਾਂ ਲਈ ਅੱਧੇ ਸਾਲ ਤੋਂ ਕੁਝ ਵੱਧ ਦਾ ਸਮਾਂ ਬਚਿਆ ਹੈ। ਪੰਜਾਬ ਚੋਣਾਂ ਦੇ ਵਿੱਚ ਇਸ ਵੇਰ ਵਧੇਰੇ ਗਰਮਜੋਸ਼ੀ ਦੀ ਸੰਭਾਵਨਾ ਬਣਦੀ ਨਜ਼ਰੀ ਪੈ ਰਹੀ ਹੈ। ਤਿਕੋਨੇ ਮੁਕਾਬਲੇ ਤਾਂ ਹਰ ਵਿਧਾਨ ਸਭਾ ਹਲਕੇ 'ਚ ਹੋਣਗੇ ਹੀ, ਕਾਂਗਰਸ, ਅਕਾਲੀ ਦਲ ਨੇ ਭਾਜਪਾ, ਆਮ ਆਦਮੀ ਪਾਰਟੀ ਆਪਸ 'ਚ ਤਿੱਖੀ ਟੱਕਰ ਦੇਣਗੇ। ਪਰ ਜੇਕਰ ਭਾਜਪਾ ਦੇ ਵੱਖਰੇ ਤੌਰ ਤੇ ਅਕਾਲੀ ਭਾਜਪਾ ਗੱਠਜੋੜ ਛੱਡਕੇ ਚੋਣ ਲੜਨ ਦਾ ਫੈਸਲਾ ਕਰ ਲਿਆ, ਜਿਸਦੀ ਸੰਭਾਵਨਾ ਇਸ ਕਰਕੇ ਵੀ ਬਣਦੀ ਜਾ ਰਹੀ ਹੈ ਕਿ ਨਵਜੋਤ ਸਿੱਧੂ ਨੂੰ ਪੰਜਾਬ 'ਚ ਅਹਿਮ ਭੂਮਿਕਾ ਦਿਤੀ ਜਾਣ ਲੱਗੀ ਹੈ, ਤਾਂ ਮੁਕਾਬਲੇ ਹੋਰ ਦਿਲਚਸਪ ਹੋ ਜਾਣਗੇ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ [ਬ] ਦੇ ਵਿਰੁੱਧ ਇੱਕਠੇ ਹੋਏ ਹੋਰ ਦਲ ਅਤੇ ਪੰਥਕ ਧਿਰਾਂ ਅਤੇ ਸਵਰਾਜ ਪਾਰਟੀ ਵੀ ਆਪਣੇ ਉਮੀਦਵਾਰ ਖੜੇ ਕਰੇਗੀ। ਉਂਜ ਪੰਜਾਬ ਚੋਣਾਂ 'ਚ ਜਿੱਤ ਪ੍ਰਾਪਤ ਕਰਨ ਲਈ, ਅਤੇ ਸ਼ੋ੍ਰਮਣੀ ਅਕਾਲੀ ਦਲ ਤੋਂ ਕੁਰਸੀ ਖੋਹਣ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੁਆਬਾ ਖੇਤਰ ਅਤੇ ਇਥੋਂ ਦੀਆਂ ਰੀਜ਼ਰਵ ਵਿਧਾਨ ਸਭਾ ਸੀਟਾਂ ਉਤੇ ਪੂਰਾ ਤਾਣ ਲਾਉਣਗੀਆ, ਜਿਥੇ ਬਹੁਜਨ ਸਮਾਜ ਪਾਰਟੀ ਦੀ ਤਾਕਤ ਨੂੰ ਛੁਟਿਆਇਆ ਨਹੀਂ ਜਾ ਸਕਦਾ ਅਤੇ ਇਸ ਪਾਰਟੀ ਵਲੋਂ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ 'ਚ ਉਮੀਦਵਾਰ ਖੜੇ ਕਰਨ ਦਾ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਹੈ।

ਇਹੋ ਜਿਹੇ ਬਣ ਰਹੇ ਹਾਲਾਤਾਂ ਵਿੱਚ ਜਦੋਂ ਰਾਜਨੀਤਕ ਪਾਰਟੀ ਆਪਸ ਵਿੱਚ ਗੁੱਥਮ-ਗੁੱਥਾ ਹੋ ਰਹੀਆਂ ਹਨ, ਨੌਜਵਾਨਾਂ ਦੀ ਭੂਮਿਕਾ ਪੰਕਾਬ ਚੋਣਾਂ ਵਿੱਚ ਅਹਿਮ ਗਿਣੀ ਜਾਣ ਲੱਗੀ ਹੈ, ਕਿਉਂਕਿ ਪੰਜਾਬ ਦਾ ਨੌਜਵਾਨ ਚਾਹ ਰਿਹਾ ਹੈ ਕਿ ਇਥੇ ਸਹੀ ਮਾਅਨਿਆਂ 'ਚ ਉਹ ਸਰਕਾਰ ਹੀ ਰਾਜ ਕਰਨ ਲਈ ਆਵੇ, ਜਿਹੜੀ ਪੰਜਾਬ ਦੀ ਵਿਗੜੀ ਤੰਦ-ਤਾਣੀ ਨੂੰ ਸੁਲਝਾ ਸਕੇ। ਪੰਜਾਬ 'ਚ ਨੌਜਵਾਨ ਦੀ ਵੋਟ ਵੀ ਪਿਛਲੀਆਂ ਚੋਣਾਂ ਨਾਲੋਂ ਵਧੇਰੇ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਉਨਾਂ ਦੀ ਦਿਲਚਸਪੀ ਵੀ ਚੋਣਾਂ 'ਚ ਭਾਗ ਲੈਣ ਲਈ ਵੱਧ ਦਿਸ ਰਹੀ ਹੈ। ਇਹੋ ਜਿਹੀ ਸਥਿਤੀ ਵਿੱਚ, ਜੇਕਰ, ਉਸਨੂੰ ਆਪਣੀ ਸੋਚ ਦੇ ਉਲਟ ਸੱਤਾ ਵਿੱਚ ਭਾਗੀਦਾਰੀ ਨਾ ਮਿਲੀ, ਉਹਦੇ ਆਸ਼ਿਆਂ ਅਨੁਸਾਰ ਪੰਜਾਬ 'ਚ ਸੱਤਾ ਦਾ ਪ੍ਰੀਵਰਤਨ ਨਾ ਆਇਆ ਤਾਂ ਨਿਰਾਸ਼ਤਾ ਦੇ ਆਲਮ ਵਿਚੋਂ ਹੰਭਲਾ ਮਾਰਕੇ ਬਾਹਰ ਨਿਲਕਣ ਦਾ ਯਤਨ ਕਰਨ ਵਾਲਾ ਅੱਜ ਦਾ ਪੰਜਾਬੀ ਨੌਜਵਾਨ, ਹੋਰ ਵੀ ਨਿਰਾਸ਼ ਹੋ ਜਾਏਗਾ।

ਪੰਜਾਬ ਦੀਆਂ ਸਮੁੱਚੀਆਂ ਸਿਆਸੀ ਧਿਰਾਂ ਨੌਜਵਾਨਾਂ ਨੂੰ ਆਪੋ-ਆਪਣੀ ਪਾਰਟੀ ਵਿੱਚ ਅਹਿਮ- ਭੂਮਿਕਾ ਨਿਭਾਉਣ ਲਈ ਮੌਕੇ ਦੇਣ ਲੱਗੀਆਂ ਹਨ।ਵਿਦੇਸ਼ ਵਸਦੇ ਪ੍ਰਵਾਸੀ ਪੰਜਾਬੀ ਸੱਤਾ ਪਰਿਵਰਤਨ ਦੀ, ਆਸ ਹੋਰ ਵੋਟਰਾਂ ਦੇ ਮੁਕਾਬਲੇ ਨੌਜਵਾਨ ਵੋਟਰਾਂ 'ਚ ਵੱਧ ਵੇਖ ਰਹੇ ਹਨ ਅਤੇ ਉਨਾਂ ਨੂੰ ਅੱਗੇ ਲਿਆਕੇ ਪੰਜਾਬ 'ਚ ਉਨਾਂ ਦੀ ਵੱਡੀ ਭਾਗੀਦਾਰੀ ਨੂੰ ਸੁਨਿਸ਼ਚਿਤ ਕਰਨ ਦੇ ਚਾਹਵਾਨ ਹਨ ਤਾਂ ਕਿ ਨਵੀਂ ਪੀੜੀ ਖੁਸ਼ਹਾਲ ਪੰਜਾਬ ਸਿਰਜਨ ਲਈ ਅੱਗੇ ਆ ਸਕੇ।



## ਸੰਤ ਰਾਮ ਉਦਾਸੀ ਨੂੰ ਚੇਤੇ ਕਰਦਿਆਂ

ਜਸਵੀਰ ਸ਼ਰਮਾ ਦੱਦਾਹੂਰ

**ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।**
**ਮੇਰੇ ਲਹੂ ਦਾ ਕੇਸਰ, ਰੇਤੇ ਨਾ ਰਲਾਇਓ॥**

ਤੰਗੀਆਂ ਤੁਰਸ਼ੀਆਂ ਥੁੜਾਂ ਅਤੇ ਔਕੜਾਂ ਨੂੰ ਹੱਡੀਂ ਹੰਢਾਉਣ ਵਾਲਾ ਪ੍ਰਸਿੱਧ ਕਵੀ ਸੰਤ ਰਾਮ ਉਦਾਸੀ ਅੱਜ ਸਰੀਰਕ ਤੌਰ ਤੇ ਭਾਂਵੇ ਆਪਣੇ ਵਿਚਕਾਰ ਨਹੀਂ ਹੈ, ਪਰ ਉਸ ਦੀਆਂ ਰਚੀਆਂ ਰਚਨਾਵਾਂ ਅਤੇ ਉਸਦੇ ਜੁਝਾਰੂ ਬੋਲ ਹਰ ਪੰਜਾਬੀ ਦੇ ਜਿਹਨ ਵਿੱਚ ਸਦਾ ਘੁੰਮਦੇ ਰਹਿਣਗੇ। ਪੰਜਾਬੀ ਸਾਹਿਤ ਵਿੱਚ ਨਵੀਆਂ ਤੇ ਨਿਵੇਕਲੀਆਂ ਲੀਹਾਂ ਪਾਉਣ ਵਾਲਾ ਇਹ ਸ਼ਾਇਰ ਹਰ ਪੰਜਾਬੀ ਦੇ ਦਿਲਾਂ ਦੀ ਧੜਕਣ ਸੀ। ਗਰੀਬੀ ਨੂੰ ਹੱਡੀਂ ਹੰਢਾਉਣ ਵਾਲੇ ਕਵੀ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ, ਲੋਕ ਗੀਤ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਤੇ ਸਦਾ ਪਹਿਰਾ ਦਿੰਦੀਆਂ ਰਹਿਣਗੀਆਂ। ਇਕੱਲੇ ਪੰਜਾਬ ਜਾਂ ਭਾਰਤ ਹੀ ਨਹੀਂ ਸਗੋਂ ਬਾਹਰਲੇ ਦੇਸ਼ਾਂ ਅਤੇ ਸੱਤ ਸਮੁੰਦਰੋਂ ਤੋਂ ਪਾਰ ਪੰਜਾਬੀ ਦਿਲਾਂ ਦੀ ਧੜਕਣ ਸਨ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ। ਉਹ ਇਕ ਸਫ਼ਲ ਸੰਸਾਰ ਪ੍ਰਸਿੱਧ ਪੰਜਾਬੀ ਦਾ ਲੇਖਕ ਹੀ ਨਹੀਂ ਸੀ ਸਗੋਂ ਗੜਕਦੀ ਅਵਾਜ਼ ਵਾਲਾ ਸਦਾ ਬਹਾਰ ਵਾਲਾ ਗਾਇਕ ਵੀ ਸੀ। ਆਪਣੀ ਮਿੱਟੀ ਲਈ ਜਾਨ ਵਾਰਨ ਵਾਲਾ ਕਵੀ ਭਾਂਵੇ ਪੰਜਾਬ ਦੇ ਰਾਇਸਰ ਪਿੰਡ (ਬਰਨਾਲਾ) ਆਪਣੀ ਜਨਮ ਭੂਮੀ ਤੋਂ ਕੋਹਾਂ ਦੂਰ ਇਕ ਰੇਲ ਸਫ਼ਰ ਦੇਣ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ ਸੀ, ਪਰ ਪੰਜਾਬੀਆਂ ਦੇ ਦਿਲਾਂ ਤੇ ਆਪਣੀਆਂ ਸਦਾ ਬਹਾਰ ਰਚਨਾਵਾਂ ਨਾਲ ਅਮਿੱਟ ਛਾਪ ਛੱਡ ਗਿਆ। ਬੇਸ਼ੱਕ ਇਹ ਸ਼ਾਇਰ ਜਿੰਦਗੀ ਦੇ ਅਖ਼ੀਰਲੇ ਪੜਾਅ ਤੱਕ ਆਰਥਿਕ ਮੰਦਹਾਲੀ ਦਾ ਸ਼ਿਕਾਰ ਰਿਹਾ, ਪਰ ਇਸਦੀ ਕਲਮ ਨੇ ਸਦਾ ਸੱਚਾਈ ਤੇ ਹਕੀਕੀ ਤੇ ਪਹਿਰਾ ਦਿੱਤਾ। ਸਮੇਂ ਦੀਆਂ ਸਰਕਾਰਾਂ ਨੇ ਭਾਂਵੇ ਕਿੰਨੀਆਂ ਹੀ ਕੋਝੀਆਂ ਹਰਕਤਾਂ ਨਾਲ ਅਨੇਕ ਵਾਰ ਉਦਾਸੀ ਜੀ ਤੇ ਜਬਰ ਢਾਹਿਆ ਪਰ ਉਸ ਦੀ ਕਲਮ ਸਦਾ ਨਿਰੰਤਰ ਸੱਚਾਈ ਤੇ ਪਹਿਰਾ ਦਿੰਦੀ ਰਹੀ। ਉਸਦੀਆਂ ਰਚਨਾਵਾਂ ਵਿੱਚ ਸਿੱਖ ਇਤਿਹਾਸ ਦੀ ਪ੍ਰਤੱਖ ਨਜ਼ਰ ਪੈਂਦੀ ਹੈ। ਸਿੱਖ ਇਤਿਹਾਸ ਨੂੰ ਨਿਵੇਕਲੇ ਢੰਗ ਰੰਗ ਵਿੱਚ ਰੰਗਿਆ ਸੰਤ ਰਾਮ ਉਦਾਸੀ ਜੀ ਨੇ। ਆਪਣੀਆਂ ਰਚਨਾਵਾਂ ਦੇ ਪਾਤਰਾਂ ਨੂੰ ਵੀ ਉਸਨੇ ਦਲਿਤ ਸਮਾਜ ਵਿੱਚੋਂ ਲੁਕਾਈ ਦੇ ਸਨਮੁਖ ਕੀਤਾ, ਜਿਸਦਾ ਇਸ ਰਚਨਾ ਵਿੱਚੋਂ ਪ੍ਰਤੱਖ ਪ੍ਰਮਾਣ ਮਿਲਦਾ ਹੈ: ''ਜਿੱਥੇ ਬੰਦਾ ਜੰਮਦਾ ਸੀਰੀ ਏ, ਟਕਿਆਂ ਦੀ ਮੀਰੀ ਪੀਰੀ ਏ, ਜਿੱਥੇ ਕਰਜੇ ਹੇਠ ਪੰਜੀਰੀ ਏ।'' ਕਾਮੇ ਦੀ ਆਰਥਿਕ ਲੁਟ ਘਸੁੱਟ ਨੂੰ ਉਸਨੇ ਬਾਖੂਬੀ ਬਿਆਨ ਕੀਤਾ : ''ਜਿੱਥੇ ਹਾਰ ਮੰਨ ਲਈ ਚਾਵਾਂ ਨੇ, ਜਿੱਥੇ ਕੂੰਜ ਘੇਰ ਲਈ ਕਾਵਾਂ ਨੇ, ਜਿੱਥੇ ਅਣਵਿਅਹਾਈਆਂ ਹੀ ਮਾਵਾਂ ਨੇ।'' ਆਪਣੇ ਵਤਨ ਪ੍ਰਤੀ ਵੀ ਉਸਦੀ ਵੇਦਨਾਂ ਇਸ ਰਚਨਾ ਵਿੱਚੋਂ ਪ੍ਰਤੱਖ ਨਜ਼ਰ ਪੈਂਦੀ ਹੈ : ''ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ, ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ, ਕਿਸ ਦਾ ਦਮਨ ਕਹੂੰਗਾ। ਮੈਂ ਹੁਣ ਕਿਸਨੂੰ ਵਤਨ ਕਹੂੰਗਾ॥'' ਹਰ ਇੱਕ ਸਾਹਿਤਕਾਰ ਦਾ ਜਾਂ ਕਹਿ ਲਵੋ ਲੇਖਕ ਦਾ ਆਪੋ ਆਪਣਾ ਨਜ਼ਰੀਆ ਹੁੰਦਾ ਹੈ, ਦਾਸ ਨੂੰ ਵੀ ਇਕ ਵਾਰ ਉਦਾਸੀ ਜੀ ਦੇ ਜੱਦੀ ਪਿੰਡ ਰਾਇਸਰ ਜਾਣ ਦਾ ਸੁਭਾਗ ਪ੍ਰਾਪਤ ਹੋਇਆ, ਇਕ ਰਾਤ ਉੱਥੇ ਠਹਿਰਨ ਤੋਂ ਬਾਅਦ ਉੱਥੋਂ ਦੇ ਕਈ ਸੱਜਣ ਸੁਨੇਹੀਆਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ, ਤਕਰੀਬਨ ਸਾਰੇ ਹੀ ਸੱਜਣਾਂ ਦੇ ਦਿਲ ਵਿੱਚ ਇਸ ਮਹਾਨ ਕਵੀ ਪ੍ਰਤੀ ਸਨੇਹ ਤੇ ਪਿਆਰ ਦੀ ਭਾਵਨਾ ਸਪੱਸ਼ਟ ਦਿਖਾਈ ਦਿੱਤੀ। ਐਸੇ ਮਹਾਨ ਇਨਸਾਨਾਂ ਦੀ ਯਾਦ ਵਿੱਚ ਮੇਲੇ ਜਾਂ ਉਹਨਾਂ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਜਾਂ ਸ਼ਰਧਾ ਦੇ ਫੁੱਲ ਭੇਂਟ ਕਰਨੇ ਵੀ ਸੁਭਾਵਿਕ ਹੰੁਦੇ ਹਨ। ਇਸੇ ਬਹਾਨੇ ਐਸੀ ਰੂਹ ਨੂੰ ਸਜਦਾ ਕਰਨਾ ਵੀ ਬਣਦਾ ਹੈ। ਸੋ, ਉਹਨਾਂ ਦੀ ਯਾਦ ਵਿੱਚ ਸਾਲ ਵਿੱਚ ਦੋ ਵਾਰ ਕਵੀ ਦਰਬਾਰਾਂ ਦੇ ਰੂਪ ਵਿੱਚ ਉਹਨਾਂ ਨੂੰ ਯਾਦ ਵੀ ਕੀਤਾ ਜਾਂਦਾ ਹੈ।



ਸੰਤ ਰਾਮ ਉਦਾਸੀ ਦੀ ਕਾਵਿ ਵਿਧੀ ਪੰਜਾਬੀ ਕਵਿਤਾ, ਸੰਨਾਤਨਵਾਦ, ਰਹੱਸਵਾਦ, ਰੋਮਾਂਸਵਾਦ, ਯਥਾਰਥਵਾਦ ਅਤੇ ਜੁਝਾਰੂਵਾਦ 'ਚੋਂ ਗੁਜਰੀ ਰਚਨਾ ਹੈ ਪਰ ਉਪਰੋਕਤ ਤੋਂ ਬਿਨਾਂ ਕਵੀ ਦੀ ਰਚਨਾ ਤੇ ਨਕਸਲਵਾੜੀ ਲਹਿਰ ਦਾ ਪੂਰਾ ਪ੍ਰਭਾਵ ਸੀ। ਪੰਜਾਬ ਦਾ ਐਸਾ ਕੋਈ ਵੀ ਪਿੰਡ ਨਹੀਂ ਜਿੱਥੇ ਉਦਾਸੀ ਜੀ ਦੀ ਅਵਾਜ ਨਾਂ ਗੂੰਜੀ ਹੋਵੇ। ਐਸੀ ਕੋਈ ਪਿੰਡ ਦੀ ਸੱਥ ਨਹੀਂ ਜਿੱਥੇ ਇਸ ਜੁਝਾਰੂ ਕਵੀ ਦੀ ਗੱਲ ਨਾ ਚੱਲੀ ਹੋਵੇ। ਉਦਾਸੀ ਜੀ ਦੇ ਚਾਰ ਕਾਵਿ ਸੰਗ੍ਰਹਿ : 'ਲਹੂ ਭਿੱਜੇ ਬੋਲ, ਚੌ, ਨੈਕਰੀਆਂ ਸੀਖਾਂ, ਲਹੂ ਤੋਂ ਲੋਹੇ ਤੱਕ' ਪ੍ਰਕਾਸ਼ਿਤ ਹੋਏ। ਉਸ ਦੀ ਮੌਤ ਤੋਂ ਬਾਅਦ ਵੀ 'ਕੰਮੀਆਂ ਦਾ ਵਿਹੜਾ' ਡਾ: ਅਜਮੇਰ ਸਿੰਘ ਦੀ ਪੁਸਤਕ 'ਸੂਹੇ ਬੋਲ ਉਦਾਸੀ ਦੇ', ਡਾ: ਚਰਨਜੀਤ ਕੌਰ ਵੱਲੋਂ ਸੰਤ ਰਾਮ ਉਦਾਸੀ 'ਜੀਵਨ ਤੇ ਰਚਨਾ' ਵੀ ਛਪ ਚੁੱਕੀ ਹੈ। ਇਸ ਵਿੱਚ ਡਾ: ਸਾਹਿਬ ਨੇ ਉਦਾਸੀ ਜੀ ਨੂੰ ਕਰੁਣਾ ਦਾ ਸ਼ਾਇਰ ਕਿਹਾ ਹੈ। ਉਦਾਸੀ ਆਮ ਲੋਕਾਂ ਦੀ ਸ਼ਹੁਰਗ ਦਾ ਵੀ ਸੀ, ਜਿਸਦੀ ਪ੍ਰਤੱਖ

ਨਜ਼ਰ ਉਸਦੀ ਇਸ ਨਜਮ ਵਿੱਚੋਂ ਝਲਕਦੀ ਹੈ : 'ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ, ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ, ਜਿੱਥੇ ਵਾਲ ਤਰਸਦੇ ਕੰਘੀਆਂ ਨੂੰ, ਨੱਕ ਵਗਦੇ ਅੱਖਾਂ ਚੁੰਨ੍ਹੀਆਂ 'ਤੇ ਦੰਦ ਕਰੇੜੇ। ਤੂੰ ਮਘਦਾ ਰਹੀ ਵੇਂ ਸੂਰਜਾ ਕੰਮੀਆਂ ਦੇ ਵਿਹੜੇ॥'' ਇਸੇ ਤਰ੍ਹਾਂ ਇਕ ਹੋਰ ਰਚਨਾ ਵਿੱਚ ਕਾਮੇ ਦੀ ਜਿੰਦਗੀ ਦੀ ਪ੍ਰਤੱਖ ਝਲਕ ਪੈਂਦੀ ਹੈ : 'ਚੱਕ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿੱਚੋਂ ਪੁੱਤ ਜੱਗਿਆ।' ਐਸੇ ਮਹਾਨ ਕਵੀ ਤੇ ਜਿੰਨ੍ਹਾ ਵੀ ਲਿਖਿਆ ਜਾਵੇ ਥੋੜਾ ਹੈ। ਵੇਖਣਾ ਇਹ ਹੈ ਕਿ, ਕੀ ਅਜੋਕੇ ਕਵੀ ਉਸ ਦੀ ਸੋਚ ਨੂੰ ਬਚਾ ਰਹੇ ਹਨ ਕਿ ਰੇਤੇ ਰੋਲ ਰਹੇ ਹਨ? ਐਸੇ ਮਹਾਨ ਕਵੀ ਨੂੰ ਅਜੋਕੇ ਲੇਖਕਾਂ ਅਤੇ ਸਾਹਿਤਕਾਰਾਂ ਦੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਉਸਦੀਆਂ ਲਿਖੀਆਂ ਰਚਨਾਵਾਂ ਨੂੰ ਜਨ-ਜਨ ਤੱਕ ਪਹੁੰਚਾਇਆ ਜਾਵੇ ਅਤੇ ਜਿੰਦਗੀ ਵਿੱਚ ਢਾਲਿਆ ਜਾਵੇ। ਇਸ ਲੇਖ ਦਾ ਨਾਮ ਵੀ ਉਹਨਾਂ ਦੀ ਲਿਖੀ 'ਵਸੀਅਤ' ਰਚਨਾ ਵਿੱਚੋਂ ਰੱਖਿਆ ਗਿਆ ਹੈ, ਜੋ ਉਹਨਾਂ ਨੇ ਪੰਜਾਬੀਆਂ ਦੇ ਨਾਮ ਲਿਖੀ। ਇਸ ਗੱਲ ਨੂੰ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੁਝਾਰੂ ਤੇ ਲੋਕ ਕਵੀ ਸੰਤ ਰਾਮ ਉਦਾਸੀ ਦੀਆਂ ਕਾਵਿ ਰਚਨਾਵਾਂ ਰਹਿੰਦੀ ਦੁਨੀਆਂ ਤੱਕ ਅਮਰ ਤਾਂ ਰਹਿਣਗੀਆਂ ਹੀ, ਬਲਕਿ ਹਰ ਉਸ ਸਖ਼ਸ਼ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਦੇ ਹਨ ਸਦਾ ਜੁਬਾਨ ਤੇ ਵੀ ਰਹਿਣਗੀਆਂ ਅਤੇ ਮਘਦਾ ਸੂਰਜ ਬਣ ਕੇ ਕੰਮੀਆਂ ਦੇ ਵਿਹੜੇ ਸਦਾ ਰੁਸ਼ਨਾਉਂਦੀਆਂ ਰਹਿਣਗੀਆਂ 'ਤੇ ਉਸ ਮਹਾਨ ਕਵੀ ਨੂੰ ਸਦਾ ਸਜਦਾ ਕਰਦੀਆਂ ਰਹਿਣਗੀਆਂ।

## ਪਾਠਕ/ਲੇਖਕ ਧਿਆਨ ਦੇਣ

- ਸਮੂਹ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਈ-ਮੈਗਜ਼ੀਂਨ ਪ੍ਰਤਿਬਿੰਬ ਵਿੱਚ ਛਪੀਆ ਰਚਨਾਵਾਂ ਬਾਰੇ ਆਪਣੀ ਉਸਾਰੂ ਪ੍ਰਤਿਕਰਮ ਸਾਡੀ ਈ-ਮੇਲ scapepunjab@gmail.com ਤੇ ਭੇਜਣ ਦੀ ਖੇਚਲ ਕਰੋ।
- ਲੇਖਕ ਆਪਣੀਆਂ ਰਚਨਾਵਾਂ, ਪੁਸਤਕਾਂ ਅਤੇ ਖੋਜ ਪੱਤਰ ਸਕੇਪ ਪੰਜਾਬ ਦੀ ਈ-ਮੇਲ ਜਾਂ ਦਫ਼ਤਰ ਪਤੇ ਤੇ ਭੇਜ ਸਕਦੇ ਹਨ ।
- ਜੇਕਰ ਆਪ ਜੀ ਨੂੰ ਪ੍ਰਤਿਬਿੰਬ ਰਸਾਲੇ ਵਿੱਚ ਛੱਪੇ ਕਿਸੇ ਰਚਨਾਂ ਸਬੰਧੀ ਕੋਈ ਇਤਰਾਜ਼ ਹੈ ਤਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਤਾਂ ਜੋ ਉਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।
- ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਇਲਾਵਾ ਕਿਸੇ ਹੋਰ ਥਾਂ ਤੋਂ ਡਾਉਨਲੋਡ/ਪੜ੍ਹੇ ਗਏ ਈ-ਮੈਗਜ਼ੀਨ ਨਾਲ ਸਾਡਾ ਕੋਈ ਸਬੰਧ ਨਹੀ ਹੋਵੇਗਾ।



## ਕੂਫ਼ ਦਾ ਰਾਜਾ ਅਤੇ ਫਕੀਰ-ਕਹਾਣੀ

ਡਾ. ਸਰਬਜਿੰਦਰ ਸਿੰਘ

ਮੱਕੇ ਦੀ ਸਰਜ਼ਮੀਨ ਸੀ ਤੇ ਮੁਹੰਮਦ ਸਾਹਿਬ ਦਾ ਜਨਮ। ਬਿਲਕੁਲ ਅਲੋਕਾਰੀ ਘਟਨਾ ਹੀ ਤੇ ਸੀ, ਆਗਮਨ ਸੀ ਇਸਲਾਮ ਦਾ ਤੇ ਠੰਢਕ ਪਾਉਣੀ ਸੀ ਪਵਿੱਤਰ ਕੁਰਆਨ ਨੇ ਲੋਕ ਹਿਰਦਿਆਂ ਵਿਚ। ਕੁਰਆਨ ਦਾ ਦੈਵੀ ਨਾਦ ਘਰ ਘਰ ਗੂੰਜਣ ਲੱਗਾ, ਕੁਰਆਨ ਹੁਣ ਉਨ੍ਹਾਂ ਦੇ ਮਸਤਕ ਦਾ ਭਾਗ ਵੀ ਸੀ ਤੇ ਮੁਕਤੀ ਦਾ ਦਰਵਾਜ਼ਾ ਵੀ। ਮੁਹੰਮਦ ਅੱਲ੍ਹਾ ਦੀ ਖੁਸ਼ਬੂ ਵੰਡਦਾ ਵੰਡਦਾ ਵਲੀਨ ਹੋ ਗਿਆ ਇਲਾਹੀ ਜੋਤ ਵਿਚ। ਸਾਰਾ ਕੁਝ ਬਦਲਦੇ ਨੂੰ ਪਲ ਲੱਗਾ। ਹੁਣ ਪਵਿੱਤਰ ਕੁਰਆਨ ਵੀ ਉਹੀ ਸੀ ਤੇ ਇਸਲਾਮ ਵੀ ਉਹੀ, ਪਰ ਵਰਤਾਰਾ ਬਦਲ ਚੁੱਕਾ ਸੀ, ਪੈਰੋਕਾਰ ਮੁਹੰਮਦ ਵਾਲੀ ਹਲੀਮੀ ਵੀ ਭੁਲ ਗਏ ਸਨ ਤੇ ਕੁਰਆਨ ਦਾ ਸੱਚ ਵੀ ਉਨ੍ਹਾਂ ਦੇ ਮਸਤਕ 'ਚੋਂ ਮਨਫ਼ੀ ਹੋ ਗਿਆ ਸੀ। ਤੇ ਰਹਿ ਗਈ ਸੀ ਪਿੱਛੇ ਕੇਵਲ ਕਾਫ਼ਰ ਤੇ ਮੋਮਨ ਦੀ ਦੰਭੀ ਖੇਡ। ਕਾਫ਼ਰਾਂ ਨੂੰ ਨੇਸਤੋ-ਨਾਬੂਦ ਕਰਨਾ ਮੋਮਨ ਨੇ ਆਪਣਾ ਫ਼ਰਜ਼ ਸਮਝ ਲਿਆ ਸੀ, ਦਰਿੰਦਗੀ ਦੇ ਦੌਰ ਨੇ ਧਰਤੀ ਦੇ ਹਿਰਦੇ ਨੂੰ ਵੀ ਪਥਰਾ ਕੇ ਰੱਖ ਦਿੱਤਾ ਸੀ ਤੇ ਉਨ੍ਹਾਂ ਨੂੰ ਵੀ ਜੋ ਕੁਰਆਨ ਤੇ ਅੱਲ੍ਹਾ ਦੀ ਸ਼ਾਹ ਰਗ ਤੋਂ ਵੀ ਨੇੜੇ ਸਨ।

ਕੂਫ਼ ਸ਼ਹਿਰ ਵਿਚ ਇਕ ਅੱਲ੍ਹਾ ਦਾ ਪਿਆਰਾ ਅਬੂ ਹੈਰਾਨੀ ਨਾਲ ਇਸ ਵਰਤਾਰੇ ਨੂੰ ਵੇਖ ਕੁਰਲਾ ਉਠਿਆ, 'ਓਏ ਭਾਈ ਜਾਗੋ! ਇਹ ਤੇ ਇਸਲਾਮ ਨਹੀਂ ਜੇ, ਰੁਕ ਜੇ ਦੇਖੀਓ, ਮੁਹੰਮਦ ਦੀ ਰੂਹ ਨੂੰ ਜ਼ਮੀ ਨਾ ਕਰੋ, ਅੱਲ੍ਹਾ ਤਾਲਾ ਤੁਹਾਨੂੰ ਮੁਆਫ਼ ਨਹੀਂ ਕਰੇਗਾ।' ਮੋਮਨ ਉਸ ਦੇ ਉਤੇ ਹੱਸਦੇ, 'ਪਾਗਲ ਹੋ ਗਿਆ, ਕਾਫ਼ਰਾਂ ਦਾ ਮੁਦਈ।' ਬੇਵਸੀ ਦਾ ਆਲਮ ਸੀ ਤੇ ਫਿਰ ਬੇਵਸੀ ਦੇ ਆਲਮ ਵਿਚ ਹੱਥ ਮਲਣ ਤੋਂ ਸਿਵਾਏ ਬਚਿਆ ਹੀ ਕੀ ਸੀ ਅਬੂ ਕੋਲ। ਸ਼ਹਿਰ ਛੱਡ ਦਿੱਤਾ ਤੇ ਕਈ ਕੋਹ ਉਜਾੜ ਬੀਆਬਾਨ ਵਿਚ ਖਾਨਗਾਹ ਬਣਾ ਬੈਠ ਗਿਆ ਅੱਲ੍ਹਾ ਦੀ ਬੰਦਗੀ 'ਚ। ਨਾ ਦਿਨ ਦਾ ਪਤਾ ਤੇ ਨਾ ਰਾਤ ਦਾ, ਭੁੱਖ ਪਿਆਸ ਵੀ ਕੋਹਾਂ ਦੂਰ। ਕੁਝ ਮਿਲਿਆ ਖਾ ਲਿਆ ਨਹੀਂ ਤੇ ਅੱਲ੍ਹਾ ਦਾ ਸ਼ੁਕਰ। ਕੂਫ਼ ਵਿਚ ਅਬੂ ਹਾਸ਼ਮ ਦੀ ਬੰਦਗੀ ਦੀਆਂ ਗੱਲਾਂ ਹੋਣ ਲੱਗੀਆਂ, ਗਲੀਆਂ ਬਜ਼ਾਰਾਂ ਵਿਚ ਅਬੂ ਹਾਸ਼ਮ ਦੇ ਚਰਚੇ ਸਨ। ਲੱਗਦਾ ਸੀ ਲੋਕਾਂ ਕੋਲ ਕੋਈ ਹੋਰ ਗੱਲ ਕਰਨ ਨੂੰ ਬਚੀ ਹੀ ਨਹੀਂ

ਸੀ। ਉਹ ਮਹਿਬੂਬ ਬਣ ਗਿਆ ਸੀ ਉਨ੍ਹਾਂ ਦਾ, ਤੇ ਪਤਾ ਹੈ ਨਾ ਤੁਹਾਨੂੰ, ਮਹਿਬੂਬ ਤੋਂ ਪਿਆਰਾ ਤੇ ਰੱਬ ਵੀ ਨਹੀਂ ਹੁੰਦਾ ਜੇ। ਅਬੂ ਦੀ ਮਹਿਮਾ ਨੇ ਕੂਫ਼ ਦੇ ਰਾਜੇ ਦੇ ਦਰਬਾਰ ਤੱਕ ਪੈਰ ਪਾਸਾਰ ਲਏ। ਰਾਜਾ ਬੇਹੱਦ ਸਭਿਅਕ ਇਨਸਾਨ ਵੀ ਸੀ ਤੇ ਸ੍ਰਿਸ਼ਟਾਚਾਰੀ ਪੁਰਸ਼ ਤੇ ਅੱਲਾ ਦਾ ਭੈਅ ਰੱਖਣ ਵਾਲਾ ਵੀ, ਪਰ ਅਭਿਮਾਨੀ ਜ਼ਰੂਰ ਸੀ ਥੋੜ੍ਹਾ ਜਿਹਾ।

ਅਬੂ ਦੀ ਮਹਿਮਾ ਜਰੀ ਨਾ ਗਈ ਉਸ ਕੋਲੋਂ। ਖਾਂਦੇ, ਪੀਂਦੇ, ਉਠਦੇ, ਬੈਠਦੇ ਅੱਬੂ ਉਸ ਦੇ ਨਾਲ ਚੱਲਣ ਲੱਗ ਗਿਆ ਸੀ। ਰਾਜਾ ਮੱਥੇ 'ਤੇ ਹੱਥ ਮਾਰ ਸਵੈ ਨੂੰ ਸਵਾਲ ਕਰਦਾ ਰਹਿੰਦਾ, ਅਬੂ ਮੇਰੇ ਮਸਤਕ ਵਿਚ ਕਿਉਂ ਫਸ ਗਿਆ ਹੈ? ਫੇਰ ਇਕ ਦਿਨ ਹੁਕਮ ਕਰ ਹੀ ਦਿੱਤਾ, ਚਲੋ, ਅੱਜ ਅਬੂ ਦੇ ਦਰਬਾਰ 'ਚ ਆਪਾਂ ਵੀ ਚੱਲਾਂਗੇ, ਦੇਖਦੇ ਹਾਂ ਇਹ ਅਬੂ ਹੈ ਕੀ? ਪੂਰੇ ਸ਼ਾਹੀ ਜਲਾਲ ਨਾਲ ਅਹਿਲਕਾਰਾਂ ਦੇ ਸੰਗ ਘੋੜਿਆਂ 'ਤੇ ਸਵਾਰ ਹੋ ਖ਼ਾਨਗਾਹ ਵੱਲ ਚਾਲੇ ਪਾ ਦਿੱਤੇ। ਸਰਪਟ ਦੌੜਦੇ ਮਿੱਟੀ ਉਡਾਉਂਦੇ ਘੋੜੇ ਤੇ ਆਵਾਜ਼ਾਂ ਦਾ ਸ਼ੋਰ। ਅਬੂ ਨੇ ਅੱਖਾਂ ਤੇ ਹੱਥ ਰੱਖ ਦੂਰ ਤੱਕ ਨਜ਼ਰ ਦੌੜਾਈ ਤੇ ਬੋਲਿਆ, 'ਇਹ ਕੌਣ ਹੈ ਜੋ ਕੁਦਰਤ ਦੇ ਸ਼ਾਂਤਮਈ ਵਰਤਾਰੇ ਵਿਚ ਖਲਲ ਪਾਉਣ ਦਾ ਯਤਨ ਕਰ ਰਿਹਾ ਹੈ।'

'ਫਕੀਰ ਬਾਦਸ਼ਾਹ! ਏਹ ਉਹੀ ਹੈ ਕੂਫ਼ ਦਾ ਰਾਜਾ, ਜਿਸਨੂੰ ਆਪਣੇ ਧਰਮੀ ਹੋਣ ਦਾ ਬੇਹੱਦ ਮਾਣ ਹੈ।' 'ਇਹਨੂੰ ਕੀ ਭਾਜੜਾਂ ਪਈਆਂ ਹਨ, ਜੋ ਖਰੂਦੀਆਂ ਵਾਂਗੂੰ ਮੂੰਹ ਚੁੱਕੀ ਭੱਜਾ ਆ ਰਿਹਾ ਹੈ ਮੇਰੀ ਕੁਟੀਆ ਵੱਲ। ਇਸ ਨੂੰ ਪਤਾ ਨਹੀਂ ਕਿ ਤਤ ਤੇ ਕੁੱਲੀ ਦਾ ਮੇਲ ਕਦੀ ਨਹੀਂ ਹੋਇਆ, ਮਹੱਲਾਂ ਵੱਲ ਹੀ ਮੂੰਹ ਰੱਖੇ।' ਅਬੂ ਬੋਲਿਆ, 'ਉਠੋ ਭਾਈ! ਕਿਵਾੜ ਬੰਦ ਕਰ ਦਿਓ।' ਹੁਕਮ ਦੀ ਤਾਮੀਲ ਹੋਈ। ਐਨ ਉਸੇ ਮੌਕੇ ਧੂੜ ਉਡਾਉਂਦੇ ਘੋੜੇ ਵੀ ਖ਼ਾਨਗਾਹ ਦੇ ਦਰਵਾਜ਼ੇ 'ਤੇ ਪਹੁੰਚ ਗਏ। ਅੱਗੇ ਕਿਵਾੜ ਬੰਦ। ਅਹਿਲਕਾਰ ਦਰਵਾਜ਼ੇ ਵੱਲ ਓਹੜੇ, ਰਾਜੇ ਨੇ ਰੁਕਣ ਦਾ ਇਸ਼ਾਰਾ ਕੀਤਾ, ਖੁਦ ਘੋੜੇ ਤੋਂ ਥੱਲੇ ਉਤਰਿਆ ਤੇ ਦਰਵਾਜ਼ੇ ਵੱਲ ਵਧਿਆ। ਖ਼ਾਨਗਾਹ ਦੇ ਅੰਦਰ ਫ਼ਕੀਰ ਰੱਬੀ ਰੰਗ ਵਿਚ ਮਸਤ, ਬਾਹਰ ਕੀ ਹੋ ਰਿਹਾ ਹੈ, ਤੋਂ ਅਣਜਾਣ ਅਤੇ ਕੌਣ ਦਰਵਾਜ਼ੇ ਤੇ ਖੜ੍ਹਾ, ਤੋਂ ਵੀ ਪੂਰੀ ਤਰ੍ਹਾਂ ਬੇਖ਼ਬਰ। ਰਾਜੇ ਨੇ ਸ੍ਰਿਸ਼ਟਾਚਾਰੀ ਰੂਪ ਵਿਚ ਕਿਵਾੜ ਖੜਕਾਇਆ। ਅੰਦਰੋਂ ਆਵਾਜ਼ ਆਈ, 'ਕੌਣ ਹੈਂ ਭਾਈ?' 'ਮੈਂ ਕੂਫ਼ ਦਾ ਰਾਜਾ।' 'ਫਿਰ ਮੈਂ ਕੀ ਕਰਾਂ?' ਕਹਿ ਫ਼ਕੀਰ ਫਿਰ ਬੰਦਗੀ 'ਚ ਜੁੜ ਗਿਆ। ਲੋਕਾਂ ਨੇ ਹੈਰਾਨੀ ਨਾਲ ਦੰਦਾਂ ਥੱਲੇ ਜ਼ਬਾਨ ਨੱਪ ਲਈ। ਜਦੋਂ ਘਰ ਦਾ ਮਾਲਕ ਅੰਦਰ ਆਉਣ ਤੋਂ ਮਨ੍ਹਾਂ ਕਰਦਾ ਹੈ ਤਾਂ ਫਿਰ ਅੰਦਰ ਜਾਣ ਦਾ ਤੈਨੂੰ ਕੀ ਹੱਕ, ਰਾਜੇ ਦੇ ਸ੍ਰਿਸ਼ਟਾਚਾਰੀ ਸੁਭਾਅ ਨੇ ਉਸਨੂੰ ਯਾਦ ਕਰਵਾਇਆ।

ਵਾਪਸੀ ਦਾ ਇਸ਼ਾਰਾ ਕਰ ਕੂਫ਼ ਵੱਲ ਚਾਲੇ ਪਾ ਦਿੱਤੇ। ਘੋੜੇ ਧੂੜ ਉਡਾਉਂਦੇ ਜਾ ਰਹੇ ਸਨ, ਉਸੇ ਹੀ ਸ਼ਾਨ ਨਾਲ, ਫ਼ਰਕ ਕੇਵਲ ਐਨਾ ਸੀ ਕਿ ਜਿਹੜਾ ਰਾਜਾ ਆਇਆ ਸੀ, ਜਾਣ ਵੇਲੇ ਹੁਣ ਉਹ ਨਹੀਂ ਸੀ। ਸ਼ਹਿਰ ਪਹੁੰਚ ਸਿੱਧਾ ਮਹੱਲ ਵਿਚ ਪਹੁੰਚ ਗਿਆ, ਬੇਸੁੱਧ ਪਲੰਘ 'ਤੇ ਜਾ ਡਿੱਗਾ। ਅਹਿਲਕਾਰਾਂ ਦੇ ਸਾਹਮਣੇ ਫ਼ਕੀਰ ਨੇ ਮੈਨੂੰ ਪਾਣੀਓਂ ਪਤਲਾ ਕਰ ਦਿੱਤਾ, ਪਰਮੇਸ਼ਵਰ ਇਹ ਕਿਸ ਪ੍ਰੀਖਿਆ 'ਚ ਪਾ ਦਿੱਤਾ ਈ, ਰਾਜਾ ਸਿਰ ਹੱਥ 'ਚ ਫੜ ਬੋਲਿਆ। ਨਰਮ ਗਦੇਲੇ ਵੀ ਅੰਦਰ ਪੈਦਾ ਹੋਏ ਪ੍ਰਸ਼ਨ ਸਾਹਮਣੇ ਬੇਵੱਸ ਦਿਸੇ। ਸਾਰੀ ਰਾਤ ਪਾਸੇ ਮਾਰਦਿਆਂ ਗੁਜ਼ਰ ਗਈ, ਨਾ ਅੱਖਾਂ 'ਚ ਨੀਂਦ, ਨਾ ਭੁੱਖ ਤੇ ਨਾ ਹੀ ਪਿਆਸ। ਦਿਲੋ ਦਿਮਾਗ ਵਿਚ ਅਬੂ ਤੇ ਸਿਰਫ਼ ਅਬੂ। ਸੁਬਾਹ ਦੇ ਆਗਮਨ ਨਾਲ ਹੀ ਸ਼ਾਹੀ ਲਿਬਾਸ ਧਾਰਨ ਕਰ ਘੋੜੇ 'ਤੇ ਪਲਾਕੀ ਮਾਰੀ, ਮੁੱਖ ਅਬੂ ਦੀ ਨਾਗਾਹ ਵੱਲ ਸੀ।

ਘੋੜਾ ਸਰਪਟ ਦੌੜ ਰਿਹਾ ਸੀ ਪਰ ਰਾਜਾ ਬੇਚੈਨ ਸੀ। ਬੇਹੱਦ ਅਲਸਾਈਆਂ ਅੱਖਾਂ 'ਚ ਉਨੀਂਦਰਾ ਤੇ ਅੰਦਰ ਭੈਅ, ਪਰ ਆਸ ਵੀ, ਅੱਜ ਤੇ ਸ਼ਾਇਦ ਅੰਦਰ ਆਉਣ ਹੀ ਦੇਵੇ, ਮੈਂ ਕਿਹੜਾ ਫ਼ਕੀਰ ਦਾ ਕੁਝ ਵਿਗਾੜਿਆ ਹੈ, ਫ਼ਕੀਰ ਤੇ ਰੱਬ ਦਾ ਰੂਪ ਹੁੰਦੇ ਨੇ, ਇਵੇਂ ਮਨ ਹੀ ਮਨ ਵਿਚ ਹਵਾਈ ਕਿਲ੍ਹੇ ਬਣਾ ਵੀ ਰਿਹਾ ਸੀ ਤੇ ਢਾਹ ਵੀ। ਵਾਪਰਿਆ ਉਹੀ ਜਿਸ ਦਾ ਡਰ ਸੀ, ਰਾਜੇ ਨੂੰ ਵੇਖਦੇ ਹੀ ਕਿਵਾੜ ਫਿਰ ਬੰਦ। ਦਰਵਾਜ਼ਾ ਖੜਕਾਇਆ ਵੀ ਗਿਆ, ਤੂੰ ਕੌਣ ਹੈਂ ਦੀ ਅਵਾਜ਼ ਵੀ ਆਈ। ਮੈਂ ਕੂਫ਼ ਦਾ ਰਾਜਾ, ਉੱਤਰ ਵੀ ਕੱਲ ਵਾਲਾ ਹੀ, ਜਵਾਬ ਵੀ ਪੁਰਾਣਾ ਹੀ, ਦੌੜ ਜਾ! ਤੇਰੇ ਲਈ ਦਰਵਾਜ਼ਾ ਬੰਦ ਈ, ਸੁਣ ਲਿਆ ਈ ਨਾ। ਘੋੜੇ ਦੀ ਲਗਾਮ ਵਾਪਸ ਮੋੜ ਦਿੱਤੀ ਪਰ ਹੁਣ ਰਾਜਾ ਤੇ ਪਾਗਲ ਹੀ ਹੋ ਗਿਆ ਸੀ, ਕਲਗੀ ਵਗਾਹ ਮਾਰੀ, ਪੱਗ ਸੁੱਟ ਦਿੱਤੀ, ਕੱਪੜੇ ਫਾੜ ਲਏ, ਪਾਗਲਾਂ ਵਾਂਗ ਇਕ ਹੀ ਰਟ ਲਾ ਰਿਹਾ ਸੀ ਨਿਰੰਤਰ, ਅਬੂ ਹਾਸ਼ਮ ਕੂਫ਼ੀ, ਅਬੂ ਹਾਸ਼ਮ ਕੂਫ਼ੀ। ਵੈਦਾਂ ਤੇ ਸਿਆਣਿਆਂ ਨੂੰ ਬੁਲਾ ਲਿਆ ਗਿਆ। ਜਾਂ ਤੇ ਰਾਜਾ ਪਾਗਲ ਹੋ ਗਿਆ ਹੈ ਜਾਂ ਭੂਤ ਪ੍ਰੇਤ ਦਾ ਸਾਇਆ ਹੈ ਪੱਕਾ, ਲੋਕਾਂ ਨੇ ਸੋਚਿਆ। ਸਾਰਾ ਸ਼ਹਿਰ ਬੇਚੈਨ ਸੀ, ਪਰ ਰਾਜਾ ਆਪਣੀ ਧੁਨ ਵਿਚ ਮਸਤ ਅਬੂ ਹਾਸ਼ਮ! ਅਬੂ ਹਾਸ਼ਮ! ਦਾ ਜਾਪ ਕਰ ਰਿਹਾ ਸੀ। ਰਾਤ ਸੂਲੀ ਤੇ ਕੱਟੀ, ਸੁਬਾਹ ਸੂਰਜ ਨੇ ਆਪਣੇ ਆਗਮਨ ਦੀ ਦਸਤਕ ਦਿੱਤੀ। ਰਾਜਾ ਛਾਲ ਮਾਰ ਉੱਠਿਆ, ਨਾ ਕੱਪੜੇ ਦੀ ਫ਼ਿਕਰ ਤੇ ਨਾ ਮਾਨ ਸਨਮਾਨ ਦੀ ਚਿੰਤਾ, ਅਰਧ ਨਗਨ ਅਵਸਥਾ 'ਚ ਨੰਗੇ ਪੈਰੀਂ ਦੌੜਦਾ ਜਾ ਰਿਹਾ ਸੀ, ਅਬੂ ਦੀ ਕੁਟੀਆ ਵੱਲ ਤੇ ਹਰ ਸਾਹ ਨਾਲ ਚੱਲ ਰਿਹਾ ਸੀ ਅਬੂ ਹਾਸ਼ਮ ਕੂਫ਼ੀ, ਅਬੂ ਹਾਸ਼ਮ ਕੂਫ਼ੀ।ਖ਼ਾਨਗਾਹ ਵੀ ਪਹੁੰਚ ਗਿਆ, ਕਿਵਾੜ ਵੀ ਬੰਦ ਹੋ ਗਏ। ਦਸਤਕ ਵੀ ਦਿੱਤੀ। ਉਹੀ ਅਵਾਜ਼,

ਭਾਈ! ਤੂੰ ਕੌਣ ਹੈਂ? ਅਬੂ ਹਾਸ਼ਮ ਕੂਫ਼ੀ, ਅਬੂ ਹਾਸ਼ਮ ਕੂਫ਼ੀ, ਰਾਜਾ ਬੋਲੀ ਜਾ ਰਿਹਾ ਸੀ ਨਿਰੰਤਰ। 'ਕਿਵਾੜ ਖੋਲ੍ਹ ਦਿਓ', ਫਕੀਰ ਬੋਲਿਆ। ਕਿਵਾੜ ਖੁੱਲ੍ਹਦੇ ਹੀ ਫ਼ਕੀਰ ਧਾਹਾਂ ਮਾਰਦਾ ਦਰਵਾਜ਼ੇ ਵੱਲ ਔਹੜਿਆ, ਰਾਜੇ ਨੂੰ ਘੁੱਟ ਗਲਵੱਕੜੀ 'ਚ ਲੈ ਪੁੱਛਿਆ, 'ਓਏ ਆ ਗਿਆ ਏਂ, ਕਿੱਥੇ ਸੀ ਐਨੇ ਚਿਰ ਦਾ?' ਰਾਜਾ ਫ਼ਕੀਰ ਦੀਆਂ ਬਾਹਾਂ ਵਿਚ ਧਾਹਾਂ ਮਾਰਨ ਲੱਗਾ, 'ਮੈਂ ਤੇ ਤੈਨੂੰ ਹੀ ਲੱਭ ਰਿਹਾ ਸਾਂ ਅਬੂ। ਤੂੰ ਮੈਨੂੰ ਅੰਦਰ ਕਿਉਂ ਨਹੀਂ ਸੀ ਆਉਣ ਦਿੰਦਾ, ਅਬੂ! ਹੇ ਅਬੂ! ਤੂੰ ਮੈਨੂੰ ਅੰਦਰ ਕਿਉਂ ਨਹੀਂ ਸੀ ਆਉਣ ਦਿੰਦਾ, ਦੱਸ ਨਾ, ਓਏ ਯਾਰਾ!', 'ਆ ਤੇ ਗਿਆ ਹੈਂ ਤੂੰ, ਮਾਲਕ ਬਣ, ਕਦੇ ਵੀ ਨਾ ਜਾਣ ਲਈ। ਆਹ ਲੈ ਸਾਂਭ ਸੇਲੀ, ਟੋਪੀ ਤੇ ਮਾਲਾ ਮੰਜੀ, ਮੇਰਾ ਤੇ ਸਫ਼ਰ ਅੱਜ ਪੂਰਾ ਹੋ ਗਿਆ ਈ, ਮੈਂ ਜਾ ਰਿਹਾ ਈ ਸਭ ਕੁਝ ਤੇਰੇ ਹਵਾਲੇ ਕਰ', ਫ਼ਕੀਰ ਬੋਲਿਆ।

'ਹੇ ਅਬੂ! ਛੱਡ ਕੇ ਨਾ ਜਾਈਂ, ਅੱਜ ਸਦੀਆਂ ਬਾਅਦ ਮੈਂ ਪਹਿਲੀ ਵਾਰ ਤੇ ਪੂਰਾ ਹੋਇਆ ਈ, ਤੇਰੇ ਬਿਨਾਂ ਇਹ ਧਰਤਿ ਵਿਛੁੰਨੀ।' ਫ਼ਕੀਰ ਬੋਲਿਆ, 'ਨਾ! ਨਾ! ਇੰਜ ਨਾ ਕਹਿ, ਲੈ ਮੈਂ ਤੈਨੂੰ ਅਬੂ ਹਾਸ਼ਮ ਕੂਫ਼ੀ ਵੀ ਦਿੰਦਾ ਈ, ਹੁਣ ਮੇਰੀ ਲੋੜ ਨਹੀਂਓ ਤੈਨੂੰ। ਹੋ ਗਿਐਂ ਨਾ ਪੂਰਾ ਸੂਰਾ, ਹੁਣ ਤੂੰ ਮੈਂ ਅਤੇ ਮੈਂ ਤੂੰ, ਲੋਕਾਂ ਦੇ ਦੁੱਖ ਹਰ।' ਅੱਖ ਦੇ ਫੋਰ ਵਿਚ ਫ਼ਕੀਰ ਤੁਰ ਗਿਆ ਸੀ ਕਿਸੇ ਅਣਦਿਸਦੇ ਸੰਸਾਰ ਵੱਲ ਤੇ ਬਚੀ ਸੀ ਕੇਵਲ ਮਿੱਟੀ। ਰਾਜਾ ਧਾਹ ਮਾਰ ਰੋ ਪਿਆ, 'ਯਤੀਮ ਕਰ ਗਿਐਂ, ਸਾਈਂ!'

ਰਾਜਾ ਅਬੂ ਹਾਸ਼ਮ ਕੂਫ਼ੀ ਹੋ ਗਿਆ, ਰਮਤਾ ਫ਼ਕੀਰ। ਸਭ ਕੁਝ ਹੁੰਦੇ ਹੋਏ ਵੀ ਪਹਿਲਾਂ ਉਹ ਕੰਗਾਲ ਸੀ ਪਰ ਅੱਜ ਕੁਝ ਨਾ ਹੁੰਦੇ ਹੋਏ ਮਾਲੋ ਮਾਲ, ਲੋਕ ਵੀ ਤੇ ਪਰਲੋਕ ਵੀ। ਲੋਕ ਆਉਂਦੇ, ਨਵਾਂ ਅਬੂ ਉਨ੍ਹਾਂ ਨੂੰ ਮੋਹ ਕਰਦਾ, ਸੀਨੇ ਨਾਲ ਲਾਉਂਦਾ, ਚੁੰਮਦਾ ਚੱਟਦਾ। ਇਹੀ ਅਬੂ ਸੂਫ਼ੀਵਾਦ ਦੁਨੀਆਂ ਦੇ ਕੋਨੇ ਕੋਨੇ ਵਿਚ ਲੈ ਕੇ ਜਾਣ ਲਈ ਅੱਜ ਅਬੂ ਹਾਸ਼ਮ ਕੂਫ਼ੀ ਦੂਸਰੇ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਰਾਜਾ ਕੂਫ਼ੀ ਤੋਂ ਸੂਫ਼ੀ ਹੋ ਅਮਰ ਹੋ ਗਿਆ, ਕੁਲ ਸਮਿਆਂ ਲਈ।






## ਪੁਸਤਕ ਸਮੀਖਿਆ

ਨਿਰੰਜਣ ਬੋਹਾ

ਬਾਬੇ ਹਰਗੁਲਾਲ ਦੀ ਹੱਟੀ ( ਨਿਬੰਧ ਸੰਗਹਿ)
ਲੇਖਕ ਰਮੇਸ਼ ਸੇਠੀ ਬਾਦਲ
ਪੰਨੇ-96 ਮੁੱਲ – 100 ਰੁਪਏ
ਸਾਹਿਬਦੀਪ ਪਕਾਸ਼ਨ , ਭੀਖੀ




ਰਮੇਸ਼ ਸੇਠੀ ਬਾਦਲ ਨੇ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਆਪਣਾ ਚੰਗਾ ਨਾਂ ਥਾਂ ਬਣਾਉਣ ਤੋਂ ਬਾਦ ਹੁਣ ਆਪਣੇ ਪਲੇਠੇ ਨਿਬੰਧ ਸੰਗਹਿ ' ਬਾਬੇ ਹਰਗੁਲਾਲ ਦੀ ਹੱਟੀ' ਰਾਹੀਂ ਪੰਜਾਬੀ ਵਾਰਤਕ ਦੇ ਖੇਤਰ ਵਿਚ ਵੀ ਆਪਣੀ ਸੰਭਾਵਨਾਵਾਂ ਭਰਪੂਰ ਹਾਜ਼ਰੀ ਲੁਆਈ ਹੈ। ਇਸ ਸੰਗਹਿ ਵਿਚ ਸ਼ਾਮਿਲ ਉਸਦੇ 41 ਨਿਬੰਧ ਉਸਦੀਆਂ ਉਹਨਾਂ ਸਿਮਰਤੀਆਂ ਤੇ ਯਾਦਾਂ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਦੇ ਹਨ ਜਿਨਾਂ ਉਸਦੀ ਜੀਵਨ ਜਾਂਚ ਨੂੰ ਮਨੁੱਖਤਾਵਾਦੀ ਦਿਸ਼ਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੁਸਤਕ ਵਿਚਲੇ ਵਧੇਰੇ ਨਿਬੰਧ ਉਸਦੇ ਬਚਪਨ ਕਾਲ ਦੇ ਉਸ ਸਮੇਂ ਨਾਲ ਸਬੰਧਤ ਹਨ ਜਦੋਂ ਸਾਡੇ ਸਮਾਜਿਕ ਰਿਸ਼ਤੇ ਮੋਹ, ਪਿਆਰ , ਅੱਪਣਤ , ਤਿਆਗ ਤੇ ਸਮਰਪਣ ਵਰਗੀਆਂ ਭਾਵਨਾਵਾ ਨਾਲ ਭਰਪੂਰ ਸਨ । ਆਪਣੇ ਮਾਂ, ਪਿਓ , ਦਾਦੇ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਵੱਲੋਂ ਸਮਾਜਿਕ ਰਿਸ਼ਤਿਆ ਦੀ ਹੋਂਦ ਤੇ ਨਿੱਘ ਬਰਕਰਾਰ ਰੱਖਣ ਲਈ ਕੀਤੀਆ ਕੁਰਬਾਨੀਆਂ ਦਾ ਹੀ ਨਤੀਜਾ ਹੈ ਕਿ ਉਹ ਵੀ ਹੁਣ ਰਿਸ਼ਤਿਆਂ ਨੂੰ ਨਿੱਘੇ ਤੇ ਹੰਡਣਸਾਰ ਬਨਾਉਣ ਵਿਚ ਆਪਣਾ ਯਥਾ ਸੰਭਵ ਯੋਗਦਾਨ ਪਾ ਰਿਹਾ ਹੈ ।

ਪੁਸਤਕ ਵਿਚ ਸ਼ਾਮਿਲ ਨਿਬੰਧ 'ਮੇਰੇ ਪਿੰਡ ਦੀ ਮਿੱਟੀ ਦੀ ਮਹਿਕ' ਯਾਦਾਂ ਘੁਮਿਆਰੇ ਸਕੂਲ ਦੀਆਂ, ਬਾਬੇ ਹਰਗੁਲਾਲ ਦੀ ਹੱਟੀ , ਕੱਚੇ ਘਰ ਪੱਕੇ ਰਿਸ਼ਤੇ, ਜਦੋਂ ਮੈ ਦਾਦਾ ਜੀਂ ਨੂੰ ਰੋਂਦਾ ਵੇਖਿਆ , ਮੇਰਾ ਬਚਪਨ ਦਾ

ਬੇਲੀ ਤੇ ਉਸਦੀਆਂ ਯਾਦਾਂ ਤੇ ਮੇਰੀ ਭੂਆ ਮਾਇਆ ਆਦਿ ਅੱਜ ਤੋਂ ਅੱਧੀ ਸਦੀ ਪਹਿਲੋਂ ਦੇ ਪੰਜਾਬ ਦੇ ਸਭਿਆਚਾਰਕ ਮੁਹਾਂਦਰੇ ਨੂੰ ਬਾ –ਖ਼ੂਬੀ ਉਘੇੜਦੇ ਹਨ। ਲੇਖਕ ਅਨੁਸਾਰ ਭਾਵੇ ਉਸਦੇ ਬਚਪਨ ਕਾਲ ਵਿਚ ਹੁਣ ਜਿਹੀਆਂ ਪਦਾਰਥਕ ਸੁੱਖ- ਸੁਵਿਧਾਵਾਂ ਉਪਲਭਤ ਨਹੀਂ ਸਨ ਪਰ ਉਸ ਵੇਲੇ ਦੇ ਲੋਕ ਆਜੋਕੇ ਮਨੁੱਖ ਦੇ ਤੁਲਨਾਤਮਕ ਮਾਨਸਿਕ ਤੌਰ 'ਤੇ ਬਹੁਤ ਬਲਵਾਨ , ਸਤੁੰਸ਼ਟ, ਤੇ ਖੁਸ਼ ਸਨ। ਪੁਸਤਕ ਪਾਠ ਦੌਰਾਨ ਲੇਖਕ ਦੀ ਇਹ ਚਿੰਤਾ ਪਾਠਕਾਂ ਦੀ ਵੀ ਚਿੰਤਾ ਬਣਦੀ ਹੈ ਕਿ ਅੱਜ ਪੱਕੇ ਘਰਾਂ ਤੇ ਆਲੀਸ਼ਾਨ ਕੋਠੀਆਂ ਵਿਚ ਰਹਿਣ ਵਾਲੇ ਲੋਕ ਰਿਸ਼ਤੇ ਨਿਭਾਂਉਣ ਨਿਭਾਉਣ ਦੇ ਮਾਮਲੇ ਵਿੱਚ ਬਿਲਕੁਲ ਕੱਚੇ ਸਾਬਿਤ ਹੋ ਰਹੇ ਹਨ।

ਇਹ ਪੁਸਤਕ ਲੇਖਕ ਦੀ ਆਪਣੀ ਸਖਸ਼ੀਅਤ ਦੇ ਬਹੁਤ ਸਾਰੇ ਅਜਿਹੇ ਪੱਖ ਵੀ ਉਭਾਰਦੀ ਹੈ ਜਿਹੜੇ ਉਸਦਾ ਬਿੰਬ ਅੱਜ ਦੇ ਸਮੇ ਦੇ ਸਾਊ, ਸੱਭਿਅਕ , ਦਿਆਵਾਨ ਤੇ ਮਨੁੱਖੀ ਕਦਰਾਂ ਕੀਮਤਾ ਦੇ ਉਪਾਸਕ ਵਜੋਂ ਉਭਾਰਣ ਵਿੱਚ ਸਹਾਈ ਬਣਦੇ ਹਨ। ਇਸ ਸੰਗਹਿ ਰਾਹੀਂ ਲੇਖਕ ਦੀ ਪਹਿਚਾਣ ਪਿੰਡ ਦੀ ਮਿੱਟੀ ਨਾਲ ਜੁੜੇ ਹੋਏ ਤੇ ਸਮਾਜਿਕ ਰਿਸ਼ਤਿਆ ਨੂੰ ਤੋੜ ਤੱਕ ਨਿਭਾਉਣ ਵਾਲੇ ਮੋਹ ਖੋਰੇ ਮਨੁੱਖ , ਅਧਿਆਪਕਾਂ ਦੀ ਸੱਚੇ ਦਿਲੋ ਇੱਜ਼ਤ ਕਰਨ ਵਾਲੇ ਵਿਦਿਆਰਥੀ ਤੇ ਘਰ ਪਰਿਵਾਰ ਦੀਆਂ ਜਿੰਮੇਵਾਰੀਆਂ ਪਤੀ ਪੂਰੀ ਤਰਾਂ ਸੁਚੇਤ ਇੱਕ ਚੰਗੇ ਪਤੀ ਤੇ ਚੰਗੇ ਹੀ ਪਿਤਾ ਵਜੋਂ ਬਣਦੀ ਹੈ।ਪੁਸਤਕ ਵਿਚਲੇ ਲੇਖ ਗੁਆਹੀ ਭਰਦੇ ਹਨ ਕਿ ਉਸ ਵਿਚ ਆਪਣੀ ਕੀਤੀ ਗਲਤੀ ਨੂੰ ਸ਼ਰੇਆਮ ਸਵੀਕਾਰ ਲੈਣ ਦੀ ਜ਼ੁਅਰਤ ਤੇ ਇਮਾਨਦਾਰੀ ਵੀ ਹੈ ਤੇ ਆਪਣੇ ਜੀਵਨ ਨੂੰ ਸਫਲਤਾ ਦੇ ਮੁਕਾਮ ਤੱਕ ਲਿਜਾਣ ਵਾਲਾ ਜਜ਼ਬਾ ਵੀ। ਉਸਦਾ ਲੇਖ 'ਆਖਿਰ ਮੈਂ ਕਰ ਹੀ ਲਈ ਬੀ, ਕਾਮ' ਅਨੁਸਾਰ ਪੇਂਡੂ ਪਿਛੋਕੜ ਦੇ ਇਸ ਮੁੰਡੇ ਨੇ ਆਪਣੀ ਮਾਸੀ ਦੇ ਪੁੱਤਰ ਵੱਲੋਂ ਕੀਤੇ ਮਜ਼ਾਕ ਨੂੰ ਇਕ ਚਨੌਤੀ ਵਾਂਗ ਸਵੀਕਾਰਦਿਆਂ ਔਖੇ ਹਲਾਤ ਵਿੱਚ ਵੀ ਬੀ. ਕਾਮ. ਕਰਨ ਦਾ ਟੀਚਾ ਹਾਸਿਲ ਕਰ ਵਿਖਾਇਆ ।

ਪੁਸਤਕ ਵਿੱਚਲੇ ਸਾਰੇ ਲੇਖ ਅਖਬਾਰਾਂ ਵਿਚ ਛੱਪਦੇ ਮਿੱਡਲ ਕਾਲਮ ਨੂੰ ਹੀ ਧਿਆਨ ਵਿੱਚ ਰੱਖ ਕੇ ਲਿੱਖੇ ਗਏ ਲੱਗਦੇ ਹਨ। ਇਸ ਲਈ ਇਹ ਅਕਾਰ ਪੱਖੋ ਸ਼ਬਦਾਂ ਦੀ ਨਿਸਚਿਤ ਗਿਣਤੀ ਵਿਚ ਬੱਝੇ ਹੋਏ ਜਾਪਦੇ ਹਨ। ਸਵੈ ਜੀਵਨੀ ਮੂਲਕ ਹੋਣ ਕਾਰਨ ਇਸ ਸਾਰੇ ਲੇਖ ਕਥਾ ਰਸ ਨਾਲ ਭਰਪੂਰ ਹਨ। ਪਾਠਕ ਅਸਾਨੀ ਨਾਲ ਇਸ ਪੁਸਤਕ ਨੂੰ ਇੱਕੋ ਬੈਠਕ ਵਿਚ ਪੜ੍ਹ ਸਕਦਾ ਹੈ। ਇਸ ਪੁਸਤਕ ਦੇ ਪਾਠ ਰਾਹੀਂ ਜਿੱਥੇ ਨਵੀਂ ਪੀੜੀ ਦੇ ਪਾਠਕ ਪੁਰਾਣੇ ਪੰਜਾਬ ਦੀਆ ਸਮਾਜਿਕ ਤੇ ਸਭਿਚਾਰਕ ਰਵਾਇਤਾਂ ਬਾਰੇ ਭਰਵੀਂ ਜਾਣਕਾਰੀ ਹਾਸਿਲ ਕਰ ਸਕਦੇ ਹਨ ਹਨ ਉੱਥੇ ਪੁਰਾਣੀ ਪੀੜੀ ਦੇ ਪਾਠਕ ਵੀ ਆਪਣੇ ਬੀਤੇ ਦੀਆਂ ਯਾਦਾਂ ਨਾਲ ਜੁੜ ਕੇ ਆਪਣੇ ਰੂਹ ਨੂੰ ਰੱਜਵੀਂ ਖੁਰਾਕ ਦੇ ਸਕਦੇ ਹਨ।।



## ਅਸਲੀ ਭਾਰਤ- ਕਹਾਣੀ

ਵਰਿੰਦਰ ਅਜ਼ਾਦ

+91 98150 21527

ਚੋਣ ਪ੍ਰਚਾਰ ਦੀ ਅਗਨੀ ਪ੍ਰਚੰਡ ਹੋ ਚੁੱਕੀ ਸੀ। ਪੂਰੇ ਦਾ ਪੂਰਾ ਦੇਸ਼ ਇਲੈਕਸ਼ਨ ਦੀ ਲਪੇਟ 'ਚ ਆ ਗਿਆ। ਨੇਤਾ ਲੋਕ ਬਰਸਾਤੀ ਡੱਡੂਆ ਵਾਂਗ ਰਾਜਨੀਤਿਕ ਛੱਪੜਾਂ 'ਚ ਬਾਹਰ ਨਿਕਲ ਆਏ।ਨੇਤਾ ਲੋਕ ਗਰੀਬਾਂ ਦੇ ਮਸੀਹਾ ਬਣਨ ਲਈ ਉਤਾਵਲੇ ਦਿਖਾਈ ਦੇ ਰਹੇ ਹਨ। ਗੰਦੀਆਂ-ਗੰਦੀਆਂ ਗਰੀਬੀ ਦੀਆਂ ਬਸਤੀਆਂ 'ਚ ਸਾਫ਼ਓਮਪ; ਦਿਖਾਈ ਦੇ ਰਹੇ ਹਨ। ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦਿੱਤੇ ਜਾ ਰਹੇ ਸਨ। ਸ਼ਰਾਬ, ਸਮੈਕ ਭੁਕੀ, ਰਾਸ਼ਨ, ਕੱਪੜੇ ਸਿਲਾਈ ਮਸ਼ੀਨਾਂ ਪੈਸੇ, ਏਥੋ ਤੱਕ ਕਿ ਰਾਜਨੀਤਿਕ ਲੋਕ ਗਲੀਆਂ ਬਸਤੀਆਂ ਵਿੱਚ ਝਾੜੂ ਦੇਂਦੇ ਸਾਫ ਦਿਖਾਈ ਦੇ ਰਹੇ ਸਨ। ਲਿੱਬੜੇ ਤਿੱਬੜੇ ਨੰਗ ਧੜਕੇ ਬੱਚਿਆ ਨੂੰ ਚੁੱਕਚੁੱਕ ਕੇ ਚੰਮ ਚੱਟ ਰਹੇ ਹਨ। ਦਿਲੋ ਤਾਂ ਨਫ਼ਰਤ ਕਰ ਰਹੇ ਸਨ।

ਰਾਮ ਨਗਰ ਦੀ ਗੰਦੀ ਜਿਹੀ ਬਸਤੀ ਵੱਸੋਂ ਕਾਫੀ ਸੰਘਣੀ ਛੋਟੀਆਂ-ਛੋਟੀਆਂ ਝੁੱਗੀਆ ਸਨ। ਅੱਜ ਇੱਕ ਰਾਜਨੀਤਿਕ ਪਾਰਟੀ ਦਾ ਨੇਤਾ ਆਪਣੇ ਚੇਲੇ ਚਮਟਿਆ ਨਾਲ ਆਇਆ। ਨੇਤਾ ਆਪਣੇ ਹੱਥੀ ਲੋਕਾ ਦੇ ਘਰ-ਘਰ ਜਾ ਕੇ ਸਮਾਨ ਦੇ ਰਿਹਾ ਸੀ। ਲੋਕ ਘਰ 'ਚ ਨਿਕਲ-ਨਿਕਲ ਕੇ ਸਮਾਨ ਲੈਂਦੇ ਪਏ ਸਨ, ਅਤੇ ਨੇਤਾ ਜੀ ਨੂੰ ਭਰੋਸਾ ਵੀ ਦਵਾ ਰਹੇ ਸਨ। ਅਸੀਂ ਤੁਹਾਨੂੰ ਆਪਣੀਆ ਵੋਟਾਂ ਰਾਹੀ ਸਫ਼ਲ ਕਰਾਂਗੇ।

ਨੇਤਾ ਜੀ ਰਾਮ ਪਿਆਰੀ ਦੀ ਝੌਂਪੜੀ ਅੱਗੇ ਖੜ੍ਹੇ ਹੋ ਗਏ ਲੋਕਾਂ ਨੇ ਰਾਮ ਪਿਆਰੀ ਨੂੰ ਬਹੁਤ ਆਵਾਜ਼ਾਂ ਮਾਰੀਆ।

'ਰਾਮ ਪਿਆਰੀ ਤੈਨੂੰ ਸਮਾਨ ਨਹੀ ਚਾਹੀਦਾ, ਜਿਹੜਾ ਤੂੰ ਬਾਹਰ ਨਹੀ ਆ ਰਹੀ....?'

'ਸਮਾਨ ਤਾਂ ਮੈਨੂੰ ਚਾਹੀਦਾ ਹੈ, ਲੇਕਿਨ ਮੈਂ ਬਾਹਰ ਨਹੀ ਆ ਸਕਦਾ....'

'ਕਿਉਂ....?'

'ਮੈਂ ਅੰਦਰ ਨੰਗੀ ਹਾਂ, ਮੇਰੇ ਕੋਲ ਇਕੋ ਸਾੜੀ ਹੈ ਉਹ ਧੋ ਦਿੱਤੀ ਹੈ।



## ਬਸ ਅੱਜ ਆਖਰੀ ਵਾਰ **-ਕਹਾਣੀ**

ਰਾਜੇਸ਼ ਗੁਪਤਾ

ਮੇਰੇ ਸਾਹਮਣੇ ਖੜ੍ਹਾ ਉਹ ਸ਼ਖ਼ਸ ਵੀਹ ਰੁਪਇਆਂ ਲਈ ਮਿਮਿਆ ਰਿਹਾ ਹੈ।ਪਰ ਮੈਂ ਉਸਨੂੰ ਵੀਹ ਰੁਪਈਏ ਦੇਣ ਤੋਂ ਕਿੰਨੀ ਦੇਰ ਤੋਂ ਇਨਕਾਰ ਕਰ ਰਿਹਾ ਹਾਂ।ਸ਼ਾਮ ਦਾ ਸਮਾਂ ਹੈ।ਮੈਂ ਉਸਨੂੰ ਵੀਹ ਰੁਪਈਏ ਨਾ ਦੇਣ ਦਾ ਜਿਵੇਂ ਝੂਠਾ-ਮੂਠਾ ਨਾਟਕ ਕਰ ਰਿਹਾ ਹਾਂ।ਇਹ ਗੱਲ ਮੈਨੂੰ ਆਪਣੇ-ਆਪ ਵਿਚ ਮਹਿਸੂਸ ਹੋ ਰਹੀ ਹੈ।ਮੈਂ ਕਿੰਨੀ ਦੇਰ ਤੋਂ ਉਸਨੂੰ ਪੈਸੇ ਨਹੀਂ ਦੇ ਰਿਹਾ ਹਾਂ।ਝੂਠਾ-ਮੂਠਾ ਨਾਟਕ ਤੋਂ ਭਾਵ ਇਹ ਹੈ ਕਿ ਮੈਨੂੰ ਪਤਾ ਹੈ ਕਿ ਉਹ ਮੇਰੇ ਕੋਲੋਂ ਬਿਨਾਂ ਵੀਹ ਰੁਪਈਏ ਲਏ ਜਾਵੇਗਾ ਨਹੀਂ ਤੇ ਮੈਨੂੰ ਇਹ ਵੀ ਪਤਾ ਹੈ ਕਿ ਮੈਂ ਆਖਰ ਉਸਨੂੰ ਮਜ਼ਬੂਰ ਹੋਕੇ ਵੀਹ ਰੁਪਈਏ ਦੇ ਹੀ ਦਿਆਂਗਾ।ਲਗਭਗ ਦਸ-ਪੰਦਰਾਂ ਮਿੰਟ ਹੋ ਚੁੱਕੇ ਹਨ ।ਉਸਨੇ ਇਹਨਾਂ ਦਸਾਂ ਮਿੰਟਾਂ ਵਿਚ ਲਗਭਗ ਮੇਰੇ ਨਾਲ ਵੀਹ ਵਾਰੀ ਬਦੋਬਦੀ ਹੱਥ ਮਿਲਾ ਲਿਆ ਹੈ ਤੇ ਹਰ ਵਾਰ ਹੱਥ ਮਿਲਾ ਕੇ ਮੈਨੂੰ ਕਹਿ ਰਿਹਾ ਹੈ ਕਿ ਬਸ ਅੱਜ ਆਖਰੀ ਵਾਰ ।ਅੱਜ ਤੋਂ ਬਾਅਦ ਮੈਂ ਤੇਰੇ ਕੋਲੋਂ ਪਿਆਰੇ ਦੋਸਤ ਪੈਸੇ ਨਹੀਂ ਮੰਗਾਂਗਾ ਤੇ ਮੈਂ ਵੀ ਪਤਾ ਨਹੀਂ ਕਿੰਨੀ ਵਾਰ ਉਸਨੂੰ ਇਹ ਕਹਿ ਕੇ ਵੀਹ ਰੁਪਈਏ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਤੂੰ ਨਸ਼ਾ ਕਰਨਾ ਹੈ ਇਸ ਲਈ ਮੈਂ ਤੈਨੂੰ ਪੈਸੇ ਨਹੀਂ ਦੇ ਸਕਦਾ।ਕੁਝ ਦੇਰ ਬਾਅਦ ਉਹ ਜਿਵੇਂ ਇਮੋਸ਼ਨਲ ਲੈਵਲ ਟੱਪ ਜਾਂਦਾ ਹੈ ਤੇ ਦੋਸਤੀ ਦਾ ਵਾਸਤਾ ਪਾਉਣ ਲੱਗ ਜਾਂਦਾ ਹੈ ਕਿ ਮੈਂ ਅੱਜ ਬਹੁਤ ਟੁੱਟਾ ਹਾਂ ਮੈਨੂੰ ਨਾਂਹ ਨਾ ਕਰੀਂ।ਵੀਹ ਰੁਪਈਏ ਦੇ-ਦੇ,ਨਹੀਂ ਤਾਂ ਮੈਂ ਮਰ ਜਾਂਵਾਂਗਾ ਤੇ ਹੁਣ ਮੈਂ ਵੀ ਉਸਦੇ ਵਾਰ-ਵਾਰ ਭਾਵਕ ਵਾਰ ਤੋਂ ਬਚਣ ਤੇ ਆਪਣੇ ਆਪ ਵਿਚ ਸੱਚਾ ਹੋਣ ਲਈ ਉਸਨੂੰ ਅਲੱਗ ਤਰ੍ਹਾਂ ਦਾ ਮੂੰਹ ਬਣਾ ਕੇ ਕਹਿ ਰਿਹਾ ਹਾਂ ਕਿ ਮੈਂ ਤੈਨੂੰ ਨਸ਼ੇ ਵਾਸਤੇ ਵੀਹ ਰੁਪਈਏ ਨਹੀਂ ਦੇ ਸਕਦਾ ਤੇ ਆਖਰ ਉਹ ਮੈਨੂੰ ਮਜ਼ਬੂਰ ਕਰਨ ਦੇ ਵਿਚ ਕਾਮਯਾਬ ਹੋ ਗਿਆ ਹੈ ਤੇ ਮੈਂ ਉਸਨੂੰ ਇਹ ਕਹਿ ਕੇ ਵੀਹ ਰੁਪਈਏ ਦੇਣ ਜਾ ਰਿਹਾ ਹਾਂ ਕਿ ਮੈਂ ਗ਼ਲਤ ਕੰਮ ਵਾਸਤੇ ਕਿਸੇ ਨੂੰ ਕਦੇ ਪੈਸਾ ਨਹੀਂ ਦਿੱਤਾ ਪਰ ਮੈਂ ਅੱਜ ਫਿਰ ਤੋਂ ਤੈਨੂੰ ਨਾ ਚਾਹੁੰਦੇ ਹੋਏ ਵੀ ਗ਼ਲਤ ਕੰਮ ਲਈ ਪੈਸੇ ਦੇ ਰਿਹਾ ਹਾਂ।ਮੇਰੀ ਰੂਹ ਇਸ ਕੰਮ ਲਈ ਮੈਨੂੰ ਇਜਾਜ਼ਤ ਨਹੀਂ ਦਿੰਦੀ।

ਉਸਦੇ ਚਿਹਰੇ ਤੇ ਥੋੜ੍ਹੀ ਚਮਕ ਵੱਧ ਰਹੀ ਹੈ।ਵੀਹ ਰੁਪਈਏ ਦਿੰਦਾ-ਦਿੰਦਾ ਮੈਂ ਫਿਰ ਤੋਂ ਇੱਕ ਵਾਰ ਰੁਕ ਗਿਆ ਹਾਂ।ਯਾਰ ਮੇਰਾ ਮਨ ਨਹੀਂ ਮੰਨਦਾ ਕਿ ਮੈਂ ਤੈਨੂੰ ਵੀਹ ਰੁਪਈਏ ਗ਼ਲਤ ਕੰਮ ਵਾਸਤੇ ਦੇਵਾਂ।ਮੇਰੀ ਆਤਮਾ ਮੈਨੂੰ ਵਾਰ-ਵਾਰ ਸੱਚਮੁੱਚ ਹੀ ਰੋਕ ਰਹੀ ਹੈ।ਉਸਦੇ ਚਿਹਰੇ ਦੀ ਚਮਕ ਫਿਰ ਤੋਂ ਇੱਕ ਵਾਰ ਫੱਕ ਹੋ ਗਈ ਹੈ।ਉਹ ਫਿਰ ਉਸ ਤਰਲਿਆਂ ਵਾਲੇ ਮੋਡ ਵਿਚ ਆ ਗਿਆ ਹੈ।ਪਰ ਮੈਂ ਪਤਾ ਨਹੀਂ ਅੱਜ ਕਿਉਂ ਇੰਨਾ ਭਾਵਕ ਹੋਣ ਦਾ ਨਾਟਕ ਕਰ ਰਿਹਾ ਹਾਂ।ਜਦਕਿ ਮੈਨੂੰ ਇਸ ਗੱਲ ਦਾ ਪਤਾ ਵੀ ਹੈ ਕਿ ਮੈਂ ਉਸਨੂੰ ਵੀਹ ਰੁਪਈਏ ਦੇ ਦਵਾਂਗਾ ਤੇ ਉਹ ਵੀ ਮੇਰੇ ਕੋਲੋਂ ਵੀਹ ਰੁਪਈਏ ਲਏ ਬਿਨਾਂ ਨਹੀਂ ਜਾਵੇਗਾ।

ਮੈਂ ਅੱਜ ਤੋਂ ਬਾਅਦ ਤੇਰੇ ਕੋਲ ਕਦੇ ਪੈਸੇ ਮੰਗਣ ਨਹੀਂ ਆਂਵਾਂਗਾ।ਉਹ ਮੈਨੂੰ ਜਿਵੇਂ ਸੌਂਹ ਚੁੱਕ ਕੇ ਕਹਿ ਰਿਹਾ ਹੈ।ਮੈਨੂੰ ਅੱਜ ਉਸਨੂੰ ਵੀਹ ਰੁਪਈਏ ਦੇਣ ਵਿਚ ਮੁਸ਼ਕਲ ਆ ਰਹੀ ਹੈ।ਇੰਨਾ ਕੌੜਾ ਤਜਰਬਾ ਉਸਨੂੰ ਪਹਿਲਾਂ ਕਦੇ ਵੀ ਮੇਰੇ ਕੋਲੋਂ ਨਹੀਂ ਹੋਇਆ ਹੋਵੇਗਾ ਜਿੰਨਾ ਅੱਜ ਤੇ ਅੱਜ ਮੈਨੂੰ ਵੀ ਇਹ ਮਹਿਸੂਸ ਹੋ ਰਿਹਾ ਹੈ ਕਿ ਮੇਰੀ ਰੂਹ ਵਾਕਿਆ ਹੀ ਉਸਨੂੰ ਵੀਹ ਰੁਪਈਏ ਦੇਣ ਤੋਂ ਇਨਕਾਰ ਕਰ ਰਹੀ ਹੈ।ਉਹ ਮੇਰੇ ਅੱਗੇ ਅਜੇ ਵੀ ਮਿਮਿਆ ਰਿਹਾ ਹੈ।ਆਖਰ ਉਸਨੇ ਮੇਰੇ ਲਾਗੇ ਪਏ ਇੱਕ ਕਾਗਜ਼ ਤੇ ਪੈੱਨ ਨੂੰ ਚੁੱਕ ਕੇ ਕਾਗਜ਼ ਦੀ ਹਿੱਕ ਤੇ ਕੁਝ ਲਿਖਣਾ ਸ਼ੁਰੂ ਕੀਤਾ ਹੈ।ਮੈਂ ਉਸਨੂੰ ਫਿਰ ਵੀ ਵੇਖ ਰਿਹਾ ਹਾਂ।ਅਚਾਨਕ ਮੇਰੀਆਂ ਅੱਖਾਂ ਸਾਹਮਣੇ ਸਭ ਕੁਝ ਜਿਵੇਂ ਧੁੰਦਲਾ ਗਿਆ ਹੈ ਪਤਾ ਨਹੀਂ ਕਿਉਂ ਉਸਨੂੰ ਵੇਖ ਕੇ ਮੈਨੂੰ ਆਪਣਾ ਅਤੀਤ ਯਾਦ ਆ ਜਾਂਦਾ ਹੈ।

ਮੇਰੀ ਉਮਰ ਅਜੇ ਛੋਟੀ ਜਿਹੀ ਹੈ।ਮੈਂ ਕਲਾਸ ਦਸਵੀਂ ਵਿਚ ਪੜਦਾ ਹਾਂ।ਕੈਂਚੀ- ਚੱਪਲ ਤੇ ਪੁਰਾਣੀ ਪੈਂਟ ਤੋਂ ਬਣਿਆ ਬਸਤਾ ਪਿੱਠ ਤੇ ਪਾ ਮੈਂ ਹਰ ਰੋਜ਼ ਸਕੂਲ ਜਾਂਦਾ ਹਾਂ।ਪਿਓ ਬਿਮਾਰ ਹੈ ਤੇ ਮਾਂ ਲੋਕਾਂ ਦੇ ਸਵੈਟਰ ਉਣ-ਬੁਣਕੇ ਘਰ ਦਾ ਖ਼ਰਚ ਚਲਾ ਰਹੀ ਹੈ। ਗੁਰਬਤ ਨਾਂ ਦਾ ਇੱਕ ਹੋਰ ਸ਼ਖ਼ਸ ਕੁਝ ਦੇਰ ਤੋਂ ਸਾਡੇ ਘਰ ਆ ਬੈਠਾ ਹੈ ਤੇ ਉਹ ਸਾਡੇ ਘਰੋਂ ਜਾਣ ਦਾ ਨਾਂ ਹੀ ਨਹੀਂ ਲੈ ਰਿਹਾ ਹੈ। ਪਹਿਲਾਂ ਮੇਰੇ ਪਿਤਾ ਜੀ ਆਪਣੀ ਦੁਕਾਨ ਤੇ ਚੰਗਾ-ਭਲਾ ਕੰਮ ਕਰਦੇ ਸਨ ਤੇ ਅਸੀਂ ਸੁੱਖ ਦੀ ਰੋਟੀ ਖਾਂਦੇ ਸਾਂ। ਪਰ ਜਦੋਂ ਦਾ ਮੇਰੇ ਪਿਤਾ ਜੀ ਨੂੰ ਹਾਰਟ-ਅਟੈਕ ਆਇਆ ਹੈ ਸਾਡੇ ਹਾਲਾਤ ਕੁਝ ਖ਼ਰਾਬ ਰਹਿਣ ਲੱਗ ਗਏ ਹਨ।ਰਿਸ਼ਤੇਦਾਰ ਤਾਂ ਪਹਿਲਾਂ ਹੀ ਸਾਡੇ ਕੋਲੋਂ ਲੈਣ ਵਾਲੇ ਸਨ ਪਰ ਹੁਣ ਤਾਂ ਸਾਡੇ ਕੋਲ ਆਪਣੀ ਰੋਟੀ ਵਾਸਤੇ ਵੀ ਪੈਸੇ ਨਹੀਂ ਸਨ ਜੁੜ ਰਹੇ।ਮੇਰੀ ਮਾਂ ਰਾਤ-ਰਾਤ ਨੂੰ ਜਾਗ ਕੇ ਮਸ਼ੀਨ ਤੇ ਸਵੈਟਰ ਉਣਨ ਦਾ ਕੰਮ ਕਰਦੀ ਹੈ ਤੇ ਉਸ ਨਾਲ ਜੋ ਕਮਾਈ ਹੁੰਦੀ ਹੈ ਉਸ ਨਾਲ ਸਾਡਾ ਘਰ ਤੋਰਨ ਦਾ ਯਤਨ ਕਰਦੀ ਹੈ।ਰਿਸ਼ਤੇਦਾਰ ਅਜੇ ਵੀ

ਸਾਡੇ ਕੋਲੋਂ ਕੁਝ ਨਾ ਕੁਝ ਝਾਕਣ ਦਾ ਯਤਨ ਕਰਦੇ ਹਨ।ਅਜੇ ਵੀ ਉਹ ਮੁਫ਼ਤ ਸਵੈਟਰ ਬਣਵਾਉਣ ਦੀ ਤਾਕ ਵਿਚ ਹਨ।ਪਰ ਸਾਡੇ ਘਰ ਤਾਂ ਪਹਿਲਾਂ ਹੀ ਰੋਟੀ ਦੇ ਲਾਲੇ ਪਏ ਹਨ।ਪਰ ਲੈਣ ਵਾਲੇ ਨੂੰ ਤਾਂ ਆਪਣੀ ਗ਼ਰਜ਼ ਨਾਲ ਮਤਲਬ ਹੁੰਦਾ ਹੈ ਕੋਈ ਕਿਹੜੇ ਹਾਲਾਤ ਵਿਚ ਹੈ ਇਸ ਨਾਲ ਉਸਨੂੰ ਕੀ ਮਤਲਬ?

ਸਾਡੇ ਘਰ ਆਇਆ ਹੋਇਆ ਗੁਰਬਤ ਨਾਂ ਦਾ ਸ਼ਖ਼ਸ ਬੜਾ ਢੀਠ ਹੈ।ਸਾਡੇ ਘਰੋਂ ਜਾਣ ਦਾ ਨਾਂ ਹੀ ਨਹੀਂ ਲੈਂਦਾ ਹੈ।ਮੇਰੀ ਮਾਂ ਹਰ ਰੋਜ਼ ਆਖਦੀ ਹੈ "ਵੇ ਰੱਬਾ,ਮੇਰੇ ਪੁੱਤ ਨੂੰ ਛੇਤੀ-ਛੇਤੀ ਵੱਡਾ ਕਰ" ਮਾਂ ਬੜੀ ਭੋਲੀ ਹੈ ਉਸਨੂੰ ਪੂਰਾ ਯਕੀਨ ਹੈ ਕਿ ਮੈਂ ਜਿਸ ਦਿਨ ਵੱਡਾ ਹੋ ਜਾਂਵਾਂਗਾ ਉਸ ਦਿਨ ਮੈਂ ਆਪਣੇ ਘਰ ਬੈਠੇ ਗੁਰਬਤ ਨਾਂ ਦੇ ਰਾਖਸ਼ ਨੂੰ ਘਰੋਂ ਭਜਾ ਦਿਆਂਗਾ।ਮੈਂ ਆਪਣੇ ਮਾਂ-ਪਿਓ ਦੀ ਇਕਲੌਤੀ ਤੇ ਦੇਰ ਨਾਲ ਪੈਦਾ ਹੋਈ ਔਲਾਦ ਹਾਂ।ਰੱਬ ਨਾਲ ਇਸ ਗੱਲ ਦਾ ਗੁੱਸਾ ਮੈਨੂੰ ਵੀ ਹੈ ਤੇ ਮੇਰੀ ਮਾਂ ਨੂੰ ਵੀ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦਾ ਪੁੱਤ ਅਜੇ ਜਵਾਨ ਵੀ ਨਹੀਂ ਹੋਇਆ ਤੇ ਉਹ ਬੁੱਢੇ ਵੀ ਹੋ ਗਏ ਹਨ ਤੇ ਮੈਨੂੰ ਰੱਬ ਦਾ ਤਾਂ ਅਜੇ ਕੁਝ ਪਤਾ ਨਹੀਂ ਪਰ ਮੈਨੂੰ ਆਪਣੇ ਮਾਂ-ਪਿਓ ਦਾ ਬੁੱਢੇ ਹੋਣਾ ਬੜਾ ਅਖਰਦਾ ਹੈ।ਮੈਨੂੰ ਲੱਗਦਾ ਹੈ ਕਿ ਮੇਰੇ ਮਾਂ-ਪਿਓ ਵੀ ਬੁੱਢੇ ਹਨ ਤੇ ਉਹਨਾਂ ਦੇ ਚਾਅ ਵੀ ਬੁੱਢੇ ਹਨ।ਮੈਨੂੰ ਕਿਸੇ ਵੇਲੇ ਆਪਣੇ-ਆਪ ਤੇ ਬੜਾ ਗੁੱਸਾ ਆਉਂਦਾ ਹੈ ਪਰ ਮੈਂ ਬੇਬਸ ਹਾਂ, ਕੀ ਕਰਾਂ?ਕੁਝ ਸਮਝ ਨਹੀਂ ਆਉਂਦਾ।

ਕੁਝ ਚਿਰ ਮਗਰੋਂ ਮੇਰੇ ਪਿਤਾ ਜੀ ਥੋੜ੍ਹੇ ਠੀਕ ਹੋਕੇ ਦੁਕਾਨ ਤੇ ਜਾਣ ਲੱਗ ਗਏ ਹਨ ਤੇ ਮੈਂ ਵੀ ਗਿਆਰਵੀਂ ਕਰਕੇ ਘਰ ਬੈਠ ਗਿਆ ਹਾਂ।ਕਦੇ-ਕਦੇ ਮੈਂ ਵੀ ਪਿਤਾਜੀ ਨਾਲ ਦੁਕਾਨ ਤੇ ਜਾਂਦਾ ਹਾਂ।ਅੱਗੇ ਪੜਣ ਲਈ ਨਾ ਹਾਲਾਤ ਹਨ ਤੇ ਨਾ ਹੀ ਜੇਬ ਵਿਚ ਪੈਸੇ।ਮਜਬੂਰਨ ਪੜਾਈ ਛੱਡਣੀ ਪੈ ਗਈ ਹੈ।ਉਮਰ ਅਜੇ ਜ਼ਿੰਮੇਵਾਰੀ ਵਾਲੀ ਨਹੀਂ ਹੈ।ਕੁਝ ਦਿਨਾਂ ਤੋਂ ਮੈਂ ਕਾਲਜ ਦੀ ਗਰਾਊਂਡ ਵਿਚ ਜਾਣਾ ਸ਼ੁਰੂ ਕੀਤਾ ਹੈ।ਓਥੇ ਕ੍ਰਿਕੇਟ ਦੇ ਮੈਚ ਚਲ ਰਹੇ ਹਨ।ਮੇਰਾ ਵੀ ਜੀਅ ਉਹਨਾਂ ਨਾਲ ਖੇਡਣ ਨੂੰ ਕਰਦਾ ਹੈ ਪਰ ਉਹ ਸਾਰੇ ਹੀ ਵੱਡੇ ਤੇ ਅਮੀਰ ਲੋਕ ਹਨ ਜਿਨ੍ਹਾਂ ਨੇ ਸਫ਼ੈਦ ਪੈਂਟਾਂ ਤੇ ਕਮੀਜ਼ਾਂ ਪਾਈਆਂ ਹੋਈਆਂ ਹਨ।ਮੈਂ ਕਿੰਨੇ ਹੀ ਦਿਨਾਂ ਤੋਂ ਇੱਥੇ ਆ ਰਿਹਾ ਹਾਂ।ਮੈਂ ਕਈ ਵਾਰ ਉਹਨਾਂ ਦੀ ਗੇਂਦ ਝਾੜੀਆਂ ਵਿਚੋਂ ਲੱਭਕੇ ਉਹਨਾਂ ਨੂੰ ਫੜਾਉਂਦਾ ਹਾਂ।ਮੇਰੇ ਪੈਰਾਂ ਵਿਚ ਅਜੇ ਵੀ ਕੈਂਚੀ-ਚੱਪਲ ਹੈ।ਮੈਂ ਰੋਜ਼ ਉਹਨਾਂ ਦੇ ਖੇਡਣ ਦੇ ਸਮੇਂ ਓਥੇ ਪਹੁੰਚ ਜਾਂਦਾ ਹਾਂ ਤੇ ਪੂਰਾ ਸਮਾਂ ਓਥੇ ਹੀ ਰਹਿੰਦਾ ਹਾਂ।ਉਹ ਟੀਮ ਵਾਲੇ ਮੇਰੇ ਤੇ ਖੁਸ਼ ਹਨ ਪਰ ਘਰੋਂ ਮੈਨੂੰ ਰੋਜ਼ ਝਿੜਕਾਂ ਪੈਂਦੀਆਂ ਹਨ ਕਿ ਮੈਂ ਇੰਨਾ ਸਮਾਂ ਕਿੱਥੇ ਖ਼ਰਾਬ ਕਰਕੇ ਆਇਆ ਹਾਂ।ਖੇਡ ਤੋਂ ਆਉਣ ਤੋਂ ਬਾਅਦ ਮਾਂ ਰੋਜ਼ ਦੋ-ਤਿੰਨ ਥੱਪੜ ਮੇਰੀ ਧੌਣ ਤੇ ਜੜ ਹੀ ਦਿੰਦੀ ਹੈ ਤੇ ਮੈਂ ਮਾਰ ਖਾ ਵੀ ਲੈਂਦਾ ਹਾਂ ਚੁੱਪਚਾਪ ਤੇ ਉਹ ਰੋਜ਼ ਆਖ ਦਿੰਦੀ ਹੈ "ਪਿਓ ਬਿਮਾਰ ਪਿਆ ਹੈ,ਇੰਨਾ ਵੀ ਨਹੀਂ ਪਤਾ ਕਿ ਦੋ ਘੰਟੇ ਉਸਦਾ ਹੱਥ ਹੀ ਵਟਾ ਆਵੇਂ ਦੁਕਾਨ ਤੇ" ਥੱਪੜ ਉਹ ਮੈਨੂੰ ਮਾਰਦੀ ਹੈ ਤੇ ਰੋਣ ਉਸਦਾ ਆਪਣਾ ਨਿਕਲ ਆਉਂਦਾ ਹੈ ਤੇ ਰੋਂਦੀ-ਰੋਂਦੀ ਉਹ ਫਿਰ ਕਮਰੇ ਅੰਦਰ ਜਾ ਵੜਦੀ ਹੈ ਤੇ ਮਸ਼ੀਨ ਤੇ ਸਵੈਟਰ ਉਣਨ ਲੱਗ ਜਾਂਦੀ ਹੈ ਤੇਜ਼-ਤੇਜ਼।ਪਰ ਮੇਰੇ ਉੱਪਰ ਮੇਰੀ ਮਾਂ ਦੇ ਹੰਝੂਆਂ ਦਾ ਤੇ ਉਸਦੇ ਡੁਸਕਣ ਦਾ ਕੋਈ ਅਸਰ ਨਹੀਂ ਹੁੰਦਾ ਹੈ ਕਿਉਂਕਿ ਮੈਂ ਖੇਡ ਖੇਡਣ ਜਾਣ ਲਈ ਬਜ਼ਿੱਦ ਹਾਂ।ਮੈਂ ਧੌਣ ਤੋਂ ਹੱਥ ਹਟਾ ਲਿਆ ਹੈ ਤੇ ਧੌਣ ਨੂੰ ਝਾੜ ਲਿਆ ਹੈ।ਮੈਨੂੰ ਮਾਂ ਦੀ ਮਾਰ ਦਾ ਕੋਈ ਅਸਰ ਹੁਣ ਆਪਣੇ ਉੱਪਰ ਨਹੀਂ ਜਾਪ ਰਿਹਾ ਹੈ ਤੇ ਉਹ ਮਸ਼ੀਨ ਅੱਗੇ ਬੈਠੀ ਅਜੇ ਵੀ ਡੁਸਕ ਰਹੀ ਹੈ।

"ਕਮੀਨਾ ਕਿਸੇ ਥਾਂ ਦਾ,ਘਰ ਦੇ ਹਾਲਾਤ ਵੀ ਨਹੀਂ ਵੇਖਦਾ.............।"

"ਜਾਹ.................ਮੈਂ ਵੀ ਤੈਨੂੰ ਅੱਜ ਰੋਟੀ ਨਹੀਂ ਦੇਣੀ,ਭੁੱਖਾ ਮਰ ਜਾਕੇ,ਖਾ ਬਾਹਰੋਂ ਹੀ ਰੋਟੀ ਜਿੱਥੇ ਸਾਰਾ-ਸਾਰਾ ਦਿਨ ਲਾ ਆਉਣਾ" ਮਾਂ ਦੀ ਰੋਟੀ ਨਾ ਦੇਣ ਵਾਲੀ ਗੱਲ ਮੈਨੂੰ ਬੜੀ ਅਖਰਦੀ ਹੈ। ਮੈਂ ਚਿੰਤਾਤੁਰ ਹੋ ਜਾਂਦਾ ਹਾਂ ਕਿਉਂਕਿ ਮੈਨੂੰ ਭੁੱਖ ਲੱਗੀ ਹੈ ਤੇ ਮਾਂ ਇਸ ਮਾਮਲੇ ਵਿਚ ਬੜੀ ਭੈੜੀ ਹੈ ਜ਼ਿੱਦੇ ਪੈ ਗਈ ਤਾਂ ਫਿਰ ਰੋਟੀ ਨਾ ਦੇਣ ਤੇ ਵੀ ਅੜ ਜਾਂਦੀ ਹੈ ।ਮੈਂ ਹੌਲੇ ਜਿਹੇ ਮਾਂ ਲਾਗੇ ਪਈ ਉੱਨ ਦੀ ਅੱਟੀ ਆਪਣੇ ਦੋਹਾਂ ਗੋਡਿਆ ਵਿਚ ਫਸਾਕੇ ਉਸਦੇ ਗੋਲੇ ਆਪ ਮੁਹਾਰੇ ਹੀ ਕਰਨ ਲੱਗ ਜਾਂਦਾ ਹਾਂ ਕਿਉਂਕਿ ਰਾਤ ਨੂੰ ਅਕਸਰ ਅਸੀਂ ਪਿਓ-ਪੁੱਤ ਇਹੋ ਕੰਮ ਕਰਦੇ ਹਾਂ ਤੇ ਮਾਂ ਮਸ਼ੀਨ ਤੇ ਸਵੈਟਰ ਉਣੀ ਜਾਂਦੀ ਹੈ।ਮੈਂ ਛੇਤੀ-ਛੇਤੀ ਦੋ ਉੱਨ ਦੀਆਂ ਅੱਟੀਆਂ ਦੇ ਗੋਲੇ ਕਰ ਦਿੰਦਾ ਹਾਂ।ਮਾਂ ਕਣਖੀਆਂ ਵਿਚੋਂ ਕਦੇ-ਕਦੇ ਵੇਖ ਲੈਂਦੀ ਹੈ।ਮੈਂ ਬੀਬੇ-ਬੱਚੇ ਵਾਂਗ ਉੱਨ ਦੇ ਗੋਲੇ ਕਰੀ ਜਾ ਰਿਹਾ ਹਾਂ।

"ਜਾਹ............ ਰਸੋਈ ਵਿਚ ਜਾਲੀ ਖੋਲ੍ਹ ਤੇ ਖਾ ਲੈ ਰੋਟੀ" ਉਹ ਆਪਣੇ ਮੂੰਹ ਤੇ ਮਮਤਾ-ਭਰੇ-ਬੇਬਸ ਭਾਵ ਲਿਆ ਕੇ ਮੈਨੂੰ ਆਖਦੀ ਹੈ ਤੇ ਮੈਂ ਇਹ ਗੱਲ ਸੁਣਦੇ ਹੀ ਅੱਟੀ ਤੇ ਗੋਲਾ ਓਥੇ ਹੀ ਸੁੱਟਕੇ ਰੋਟੀ ਖਾਣ ਲਈ ਰਸੋਈ ਵਿਚ ਦੌੜ ਜਾਂਦਾ ਹਾਂ ਤੇ ਭੁੱਖੇ ਕੁੱਤੇ ਵਾਂਗ ਪਤਾ ਨਹੀਂ ਕਦੋਂ ਰੋਟੀ ਵਾਲੇ ਡੱਬੇ ਨੂੰ ਖ਼ਾਲੀ ਕਰ ਦਿੰਦਾ ਹਾਂ।ਰੋਟੀ ਖਾਂਦੇ-ਖਾਂਦੇ ਮਾਂ ਮੇਰੇ ਕੋਲ ਆ ਬੈਠੀ ਹੈ ਤੇ ਮੈਨੂੰ ਰੋਟੀ ਖਾਂਦੇ ਨੂੰ ਨਿਹਾਰ ਰਹੀ ਹੈ ਕਿਉਂਕਿ ਮੈਂ ਮਾਂ ਦੀ

ਇੱਕੋ-ਇੱਕ ਆਸ ਹਾਂ।ਸ਼ਾਇਦ ਇਸ ਕਰਕੇ ਉਹ ਬੇਬਸ ਹੋ ਜਾਂਦੀ ਹੈ,ਪਰ ਨਹੀਂ,ਮਾਂ ਤਾਂ ਅਕਸਰ ਆਪਣੀ ਔਲਾਦ ਅੱਗੇ ਬੇਬਸ ਹੋ ਹੀ ਜਾਂਦੀ ਹੈ।ਮਾਂ ਫਿਰ ਮਾਂ ਹੈ ਨਾ,ਕੀ ਕਰੇ? ਉਹ ਮੈਨੂੰ ਪਿਆਰ ਨਾਲ ਕਿੰਨੀ-ਕਿੰਨੀ ਦੇਰ ਸਮਝਾਉਂਦੀ ਰਹਿੰਦੀ।

"ਵੇਖ ਪੁੱਤ,ਤੂੰ ਇਕੱਲਾ-ਇਕੱਲਾ ਤਾਂ ਹੈਂ,ਮੈਂ ਹੋਰ ਕਿਸ ਨੂੰ ਕਹਾਂ।ਤੇਰਾ ਪਿਓ ਬਿਮਾਰ ਹੈ, ਤੂੰ ਉਸ ਨਾਲ ਹੱਥ ਵੰਡਾਇਆ ਕਰ।ਉਸ ਨੂੰ ਥੋੜ੍ਹਾ ਅਰਾਮ ਹੋ ਜਾਵੇਗਾ ਪਰ ਮੈਨੂੰ ਉਸਦੀ ਗੱਲ ਅਜੇ ਸਮਝ ਨਹੀਂ ਆ ਰਹੀ ਹੈ।ਮੇਰੇ ਅੰਦਰ ਖੇਡ ਦਾ ਭੂਤ ਸਵਾਰ ਹੈ।ਆਖਰ ਮਾਂ ਆਪੇ ਹੀ ਮੈਨੂੰ ਪੁੱਛ ਕੇ ਮੇਰੀ ਖੇਡ ਦਾ ਸਮਾਂ ਤੈਅ ਕਰ ਦਿੰਦੀ ਹੈ ਕਿ ਕਿਹੜੇ ਸਮੇਂ ਮੈਂ ਖੇਡਣ ਜਾਣਾ ਹੈ ਤੇ ਕਿਹੜੇ ਸਮੇਂ ਮੈਂ ਦੁਕਾਨ ਤੇ ਜਾਣਾ ਹੈ।ਮੈਂ ਹੁਣ ਉਸੇ ਤਰ੍ਹਾਂ ਹੀ ਕਰ ਰਿਹਾ ਹਾਂ।ਖੇਡਣ ਦੇ ਨਾਂ ਤੇ ਮੈਂ ਰੋਜ਼ ਗਰਾਊਂਡ ਵਿਚ ਜਾਂਦਾ ਹਾਂ ਤੇ ਉਹਨਾਂ ਦੀਆਂ ਗੇਂਦਾਂ ਬਾਹਰੋਂ ਲਿਆ ਕੇ ਉਹਨਾਂ ਨੂੰ ਫੜਾਉਂਦਾ ਹਾਂ।ਹੁਣ ਉਹਨਾਂ ਨੇ ਮੇਰੇ ਉੱਪਰ ਇੱਕ ਮਿਹਰਬਾਨੀ ਕਰ ਦਿੱਤੀ ਹੈ,ਖੇਡ ਸ਼ੁਰੂ ਹੋਣ ਤੋਂ ਪਹਿਲਾਂ ਲਾਗੇ ਹੀ ਇੱਕ ਘਰ ਤੋਂ ਮੈਂ ਰੋਜ਼ ਖੇਡ ਵਾਲੀ ਕਿੱਟ ਲੈ ਕੇ ਆਉਣੀ ਹੈ ਤੇ ਖੇਡ ਖ਼ਤਮ ਹੋਣ ਤੋਂ ਬਾਅਦ ਕਿੱਟ ਨੂੰ ਉਸੇ ਘਰ ਛੱਡ ਕੇ ਆਉਣਾ ਹੈ।

ਪੈਰਾਂ ਵਿਚ ਅਜੇ ਵੀ ਕੈਂਚੀ-ਚੱਪਲ ਹੈ ਗੇਂਦ ਫੜਣ ਜਾਂਦੇ-ਜਾਂਦੇ ਮੈਂ ਕਈ ਵਾਰ ਆਪਣੀ ਚੱਪਲ ਉਥੇ ਹੀ ਛੱਡ,ਦੌੜਕੇ ਗੇਂਦ ਫੜ ਲੈਂਦਾ ਹਾਂ।ਗਰਾਊਂਡ ਦੇ ਬਾਹਰ ਵਾਲੀ ਸਾਈਡ ਤੇ ਛੋਟੇ-ਛੋਟੇ ਪੱਥਰ ਹਨ ਜੋ ਮੇਰੇ ਪੈਰਾਂ ਵਿਚ ਚੁੱਭ ਜਾਂਦੇ ਹਨ ਪਰ ਮੈਂ ਉਸ ਦਰਦ ਨੂੰ ਹਵਾ ਵਿਚ ਉੱਡਾ ਦਿੰਦਾ ਹਾਂ,ਪਰਵਾਹ ਨਹੀਂ ਕਰਦਾ ਪਰ ਜਦੋਂ ਮੈਂ ਗਰਾਊਂਡ ਤੋਂ ਘਰ ਵਾਪਸ ਆ ਜਾਂਦਾ ਹਾਂ ਤਾਂ ਉਹ ਪੱਥਰਾਂ ਦੀ ਚੋਭ ਮੈਨੂੰ ਬੜੀ ਮਹਿਸੂਸ ਹੋਣ ਲੱਗਦੀ ਹੈ।ਹੁਣ ਗਰਾਊਂਡ ਵਿਚ ਖੇਡਣ ਵਾਲੇ ਖਿਡਾਰੀਆਂ ਨਾਲ ਮੈਂ ਘੁਲਮਿਲ ਗਿਆ ਹਾਂ।ਉਹ ਕਦੇ-ਕਦੇ ਮੈਨੂੰ ਮਜ਼ਾਕ ਵੀ ਕਰ ਲੈਂਦੇ ਹਨ।ਮਜ਼ਾਕ ਕਰਦੇ-ਕਰਦੇ ਉਹ ਕਈ ਵਾਰ ਸਾਰੇ ਹੀ ਹੱਸ ਪੈਂਦੇ ਹਨ। ਮੈਨੂੰ ਬੁਰਾ ਨਹੀਂ ਲੱਗਦਾ।ਹੌਲੀ-ਹੌਲੀ ਮੈਂ ਉਹਨਾਂ ਦੀ ਕਿੱਟ ਨੂੰ ਖੋਲ੍ਹਕੇ ਉਹਨਾਂ ਨੂੰ ਬੈਟ-ਬਾਲ ਤੇ ਕਦੇ-ਕਦੇ ਪੈਡ ਵੀ ਫੜਾਉਂਦਾ ਹਾਂ। ਉਹ ਮੇਰੀ ਦਿਆਨਤਦਾਰੀ ਤੋਂ ਖੁਸ਼ ਹਨ।ਹੁਣ ਉਹ ਮੈਨੂੰ ਚੰਗੀਂ ਨਜ਼ਰ ਨਾਲ ਵੇਖਦੇ ਹਨ।ਉਹ ਸਾਰੇ ਹੀ ਅਮੀਰ ਆਦਮੀ ਹਨ।ਖੇਡ ਤੋਂ ਬਾਅਦ ਉਹ ਸਾਰੇ ਵੱਡੇ ਹੋਟਲਾਂ ਵਿਚ ਸ਼ਾਮ ਨੂੰ ਪਾਰਟੀ ਕਰਦੇ ਹਨ ਕਿਉਂਕਿ ਉਹ ਅਕਸਰ ਰਾਤ ਵਾਲੀ ਪਾਰਟੀ ਦੀ ਗੱਲ ਕਰਕੇ ਇੱਕ-ਦੂਜੇ ਨੂੰ ਛੇੜਦੇ ਤੇ ਮਜ਼ਾਕ ਕਰਦੇ ਹਨ।ਉਹਨਾਂ ਵਿਚ ਇੱਕ ਸਰਦਾਰ ਮੁੰਡਾ ਵੀ ਹੈ ਜੋ ਕਿ ਬੜਾ ਉੱਚਾ,ਲੰਮਾ,ਜਵਾਨ ਤੇ ਸੋਹਣਾ ਹੈ। ਸਾਰੇ ਉਸਦੀ ਤੇਜ਼ ਬਾਲ ਤੋਂ ਡਰਦੇ ਹਨ।ਉਹ ਜਦ ਬਾਲ ਕਰਾਉਂਦਾ ਹੈ ਤੇ ਬੜੀ ਸਪੀਡ ਨਾਲ, ਉਸਦੀ ਬਾਲ ਵੱਡੇ-ਵੱਡੇ ਬੱਲੇਬਾਜ਼ਾਂ ਨੂੰ ਚਿੱਤ ਕਰ ਦਿੰਦੀ ਹੈ।ਉਹ ਟੀਮ ਦਾ ਕੈਪਟਨ ਵੀ ਹੈ।

ਅਚਾਨਕ ਬਾਲ ਗੁਆਚ ਗਈ ਹੈ ਤਾਂ ਬੰਟੀ ਸਿੰਘ ਨੇ ਦੂਜੀ ਬਾਲ ਮੈਨੂੰ ਕਿੱਟ ਵਿਚੋਂ ਲੱਭਣ ਲਈ ਕਿਹਾ ਹੈ ਪਰ ਮੈਂ ਕਿੱਟ ਵਿਚੋਂ ਬਾਲ ਨਹੀਂ ਲੱਭ ਪਾ ਰਿਹਾ ਹਾਂ।

"ਟੇਕਿਆ,ਤੈਨੂੰ ਬਾਲ ਨਹੀਂ ਲੱਭ ਰਹੀ,ਤੂੰ ਕੀ ਖੇਡੇਂਗਾ ਕ੍ਰਿਕਟ" ਉਸਨੇ ਮੇਰੇ ਲਾਗੇ ਆਕੇ ਸਾਰੀ ਕਿੱਟ ਹੀ ਉਲਟ ਦਿੱਤੀ ਹੈ।ਦੋ ਬਾਲਾਂ ਉਸ ਵਿਚੋਂ ਬਾਹਰ ਡਿਗੀਆਂ ਹਨ ਤੇ ਇਸਦੇ ਨਾਲ ਇੱਕ ਜੋੜਾ ਨੀਲੇ ਰੰਗ ਦਾ ਪਲਾਸਟਿਕ ਦੇ ਕੋਕਿਆਂ ਵਾਲਾ ਸਪੋਰਟਸ ਬੂਟਾਂ ਦਾ ਵੀ।ਉਸਦੇ ਤਲੇ ਤੇ ਪਲਾਸਟਿਕ ਦੇ ਅੱਠ ਕੋਕੇ ਵੀ ਬਣੇ ਹੋਏ ਹਨ।ਬੂਟ ਬਹੁਤ ਹੀ ਸੋਹਣੇ ਹਨ।ਹੁਣ ਮੇਰਾ ਧਿਆਨ ਬਾੱਲ ਵੱਲੋਂ ਹਟ ਕੇ ਬੂਟਾਂ ਤੇ ਆ ਖਲੋਤਾ ਹੈ।ਮੇਰੇ ਲਈ ਬੂਟ ਜ਼ਿਆਦਾ ਖ਼ਾਸ ਚੀਜ਼ ਹਨ।ਕਿਉਂਕਿ ਸੌ ਵਾਰ ਕਹਿਣ ਤੇ ਵੀ ਮਾਂ ਨੇ ਮੈਨੂੰ ਵੀਹ ਰੁਪਇਆਂ ਦੇ ਟਾੱਕੀ ਵਾਲੇ ਬੂਟ ਨਹੀਂ ਸਨ ਲੈਕੇ ਦਿੱਤੇ ਪਰ ਇਹ ਬੂਟ ਤਾਂ ਬਹੁਤ ਹੀ ਵਧੀਆ ਹਨ ਜਿਹੜੇ ਵੱਡੇ ਖਿਡਾਰੀਆਂ ਨੇ ਪਾਏ ਹੁੰਦੇ ਹਨ।ਬੰਟੀ ਸਿੰਘ ਬਾਲ ਦੀ ਇੰਤਜ਼ਾਰ ਕਰ ਰਿਹਾ ਹੈ ਤੇ ਮੈਂ ਬੂਟ ਫੜਕੇ ਉਹਨਾਂ ਨੂੰ ਨਿਹਾਰ ਰਿਹਾ ਹਾਂ।ਬੂਟ ਵੇਖਕੇ ਮੇਰੇ ਚਿਹਰੇ ਤੇ ਚਮਕ ਆ ਗਈ ਹੈ।ਮੈਨੂੰ ਆਪਣੀ ਕੈਂਚੀ-ਚੱਪਲ ਭੈੜੀ ਲੱਗਣ ਲੱਗ ਗਈ ਹੈ।

"ਓਏ, ਬਾਲ ਤਾਂ ਫੜਾ ਟੇਕਿਆ" ਬੰਟੀ ਸਿੰਘ ਮੈਨੂੰ ਡਾਂਟ ਕੇ ਕਹਿ ਰਿਹਾ ਹੈ ਪਰ ਮੈਂ ਬੂਟਾਂ ਨੂੰ ਵੇਖੀ ਜਾ ਰਿਹਾ ਹਾਂ।

"ਓਏ,ਆਉਂਦੇ ਐ ਤਾਂ ਪਾ ਲੈ ਬੂਟ" ਬੰਟੀ ਸਿੰਘ ਦੀ ਇਸ ਗੱਲ ਤੇ ਮੈਂ ਖੁਸ਼ ਹੋ ਜਾਂਦਾ ਹਾਂ।

"ਭਾਜੀ, ਕਿਹਦੇ ਹੈ ਇਹ ਬੂਟ"

"ਮੇਰੇ ਹੈ ਹੋਰ ਕਿਸਦੇ" ਬੰਟੀ ਸਿੰਘ ਮਗਰੂਰਤਾ ਨਾਲ ਆਖਦਾ ਹੈ।

"ਭਾਜੀ,ਮੈਂ ਸੱਚੀ ਲੈ ਲਵਾਂ ਇਹ ਬੂਟ" ਮੈਂ ਬੜੀ ਲਲਚਾਈ ਨਜ਼ਰ ਨਾਲ ਉਸਨੂੰ ਆਖਦਾ ਹਾਂ।

"ਕੋਈ ਨਹੀਂ, ਲੈ ਲੈ" ਬੰਟੀ ਸਿੰਘ ਬੜੀ ਬੇਪਰਵਾਹੀ ਨਾਲ ਮੈਨੂੰ ਆਖਦਾ ਹੈ।

ਮੈਂ ਬੂਟ ਪਾ ਕੇ ਆਪਣੇ ਆਪ ਨੂੰ ਹੁਣ ਇੱਕ ਖਿਡਾਰੀ ਸਮਝਣ ਲੱਗ ਗਿਆ ਹਾਂ। ਬੂਟ ਪਾ ਕੇ ਮੇਰਾ ਆਤਮਵਿਸ਼ਵਾਸ ਵੱਧ ਗਿਆ ਹੈ।ਮੈਂ ਵਾਰ-ਵਾਰ ਬੂਟਾਂ ਵੱਲ ਵੇਖ ਰਿਹਾ ਹਾਂ।

ਉਹ ਸਫ਼ੈਦ,ਨੀਲੇ ਤੇ ਅਸਮਾਨੀ ਰੰਗ ਦੇ ਬੜੇ ਹੀ ਸੋਹਣੇ ਬੂਟ ਹਨ।ਮੈਂ ਕਦੇ ਸੁਪਨੇ ਵਿਚ ਵੀ ਇੰਨੇ ਸੋਹਣੇ ਬੂਟ ਨਹੀਂ ਸੀ ਵੇਖੇ।ਬੂਟ ਪਾ ਕੇ ਮੈਨੂੰ ਪਤਾ ਨਹੀਂ ਕਿਵੇਂ ਮਹਿਸੂਸ ਹੋ ਰਿਹਾ ਸੀ।ਮੇਰੇ ਮਨ ਅੰਦਰ ਇੱਕ ਅਲੱਗ ਤਰ੍ਹਾਂ ਦੀ ਖੁਸ਼ੀ ਨੇ ਜਨਮ ਲੈ ਲਿਆ ਸੀ।ਘਰ ਜਾ ਕੇ ਮੈਂ ਬੂਟਾਂ ਨੂੰ ਚੰਗੀ ਤਰ੍ਹਾਂ ਧੋ ਕੇ ਤੇ ਸੁਕਾ ਕੇ ਪਾ ਲਿਆ ਸੀ।ਮਾਂ ਨੇ ਪੁੱਛਿਆ ਤਾਂ ਮੈਂ ਕਿਹਾ ਕਿ ਬੰਟੀ ਭਾਜੀ ਨੇ ਦਿੱਤੇ ਹਨ ਖੇਡਣ ਲਈ।ਬੂਟ ਪੁਰਾਣੇ ਸਨ ਇਸ ਲਈ ਮਾਂ ਨੇ ਕੋਈ ਜ਼ਿਆਦਾ ਸ਼ੱਕ ਦੀ ਅੱਖ ਨਾਲ ਨਹੀਂ ਸੀ ਵੇਖਿਆ।ਮਾਂ ਸੰਤੁਸ਼ਟ ਹੈ।ਕੋਈ ਹੋਰ ਸਵਾਲ ਨਹੀਂ ਕਰਦੀ ਹੈ।ਹੁਣ ਮੈਂ ਵੀ ਉਸ ਟੀਮ ਦਾ ਪ੍ਰਮੁੱਖ ਖਿਡਾਰੀ ਹਾਂ।ਮੇਰੀ ਸਭ ਨਾਲ ਬੜੀ ਦੋਸਤੀ ਹੈ।ਬੰਟੀ ਸਿੰਘ ਬੜੇ ਅਮੀਰ ਘਰ ਦਾ ਮੁੰਡਾ ਹੈ।ਵੱਡੀਆਂ-ਵੱਡੀਆਂ ਇੰਡਸਟਰੀਆਂ ਦਾ ਮਾਲਕ ਹੈ।ਕਾਰ ਵਿਚ ਆਉਂਦਾ-ਜਾਂਦਾ ਹੈ ਪਰ ਆਦਤਾਂ ਬਹੁਤ ਖ਼ਰਾਬ ਹਨ।ਰੋਜ਼ ਰਾਤ ਨੂੰ ਦੋਸਤਾਂ ਨਾਲ ਸ਼ਰਾਬ ਪੀਂਦਾ ਹੈ ਪਰ ਮੇਰਾ ਉਸ ਨਾਲ ਸੰਬੰਧ ਸਿਰਫ਼ ਗਰਾਊਂਡ ਤੱਕ ਦਾ ਹੈ।

ਸਮਾਂ ਬਦਲ ਗਿਆ ਹੈ ।ਪਿਤਾ ਜੀ ਦੀ ਮੌਤ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਮੇਰੇ ਉੱਪਰ ਆ ਗਈ ਹੈ।ਕਈ ਸਾਲਾਂ ਦੇ ਸੰਘਰਸ਼,ਕਾਰੋਬਾਰੀ ਜੱਦੋ ਜਹਿਦ ਪਿਛੋਂ ਮੈਂ ਆਪਣਾ ਘਰ ਤੇ ਦੁਕਾਨ ਸੰਭਾਲ ਲਈ ਹੈ।ਖੇਡ ਜ਼ਿੰਦਗੀ ਦੀ ਜਦੋ ਜਹਿਦ ਦੌਰਾਨ ਕਿਤੇ ਬਹੁਤ ਪਿੱਛੇ ਛੁੱਟ ਗਈ ਹੈ।ਮੇਰੇ ਦੋ ਬੱਚੇ ਹਨ।ਮਾਂ ਅਕਾਲ-ਚਲਾਣਾ ਕਰ ਚੁੱਕੀ ਹੈ।ਜੀਵਨ ਦੀ ਰੇਲ ਆਪਣੀ ਪਟਰੀ ਤੇ ਆਪਣੀ ਰਫ਼ਤਾਰ ਨਾਲ ਦੌੜ ਰਹੀ ਹੈ।ਹੌਲੇ-ਹੌਲੇ ਹੁਣ ਮੇਰੀਆਂ ਅੱਖਾਂ ਅੱਗੇ ਆਈ ਧੁੰਦ ਛੱਟਦੀ ਨਜ਼ਰ ਆ ਰਹੀ ਹੈ।ਮੇਰੇ ਸਾਹਮਣੇ ਖੜਾ ਮੈਥੋਂ ਵੀਹ ਰੁਪਈਏ ਦੀ ਮੰਗ ਕਰ ਰਿਹਾ ਸ਼ਖ਼ਸ ਮੈਨੂੰ ਅੰਗਰੇਜ਼ੀ ਵਿਚ ਲਿਖਿਆ ਕਾਗਜ਼ ਫੜਾ ਰਿਹਾ ਹੈ।

"ਹੋਰ ਦੇਰ ਨਾ ਕਰ,ਮੈਂ ਬੜਾ ਟੁੱਟਾ ਹਾਂ,ਮੈਨੂੰ ਵੀਹ ਰੁਪਈਏ ਦੇ ਦੇ" ।ਕਾਗਜ਼ ਮੈਨੂੰ ਫੜਾ ਕੇ ਉਹ ਵੀਹ ਰੁਪਈਏ ਲੈ ਜਾਂਦਾ ਹੈ।ਵੀਹ ਰੁਪਈਏ ਦੇਣ ਤੋਂ ਬਾਅਦ ਮੈਂ ਉਸ ਕਾਗਜ਼ ਤੇ ਇੱਕ ਨਜ਼ਰ ਵੇਖਦਾ ਹਾਂ।ਪੜਦੇ-ਪੜਦੇ ਮੇਰੀ ਰੂਹ ਇੱਕ ਵਾਰ ਕੰਬ ਜਾਂਦੀ ਹੈ।ਕਾਗਜ਼ ਤੇ ਲਿਖੇ ਨੂੰ ਮੈਂ ਫਿਰ ਤੋਂ ਇੱਕ ਵਾਰ ਗੌਰ ਨਾਲ ਪੜਦਾ ਹਾਂ........ਰਾਜੇ, ਮੈਂ ਅੱਜ ਤੋਂ ਬਾਅਦ ਤੇਰੇ ਕੋਲ ਕਦੇ ਪੈਸੇ ਮੰਗਣ ਲਈ ਨਹੀਂ ਆਂਵਾਂਗਾ।ਬਸ ਅੱਜ ਆਖਰੀ ਵਾਰ ਵੀਹ ਰੁਪਈਏ ਲੈ ਰਿਹਾ ਹਾਂ–ਬੰਟੀ ਸਿੰਘ।



## ਦਿਲ ਤੋਂ ਦਰਦ-ਕਵਿਤਾ

ਪ੍ਰਿੰ. ਹਰਜਿੰਦਰ ਭੰਡੋਹਲ

ਦਿਲ ਤੋਂ ਦਰਦ ਨਾਲ ਸੁਣੀ ਇੱਕ ਮਾਂ ਦੀ ਕਹਾਣੀ
ਗਰੀਬੀ ਵਿੱਚ ਵਿਆਹ ਦਿੱਤੀ ਜਿੰਦ ਨਿਮਾਣੀ,

ਚਿੱਤ ਚੇਤੇ ਵੀ ਨਹੀ ਸੀ ਇਹ ਜੀਵਨ ਦੀ ਕਹਾਣੀ
ਜਦੋਂ ਬੱਚੇ ਪੈਦਾ ਹੋਏ ਜਿੰਦ ਫਸ ਗਈ ਫੇਰ ਨਿਮਾਣੀ,

ਬੱਚੇ ਵੱਡੇ ਹੋਏ ਖਰਚੇ ਵਧੇ ਪਤੀ ਸੀ ਨਸ਼ਿਆਂ ਦਾ ਹਾਣੀ
ਗਰੀਬੀ ਵਿੱਚ ਜਿੰਦਗੀ ਕੱਟ ਰਹੀ ਸੀ ਜਿੰਦ ਨਿਮਾਣੀ,

ਭਾਣਾਂ ਵਰਤਿਆ ਪਤੀ ਮਰ ਗਿਆ ਨਸ਼ੇ ਨਾਲ ਮੇਰਾ
ਸਾਂਝ ਪਾਉਦੇਂ ਲੋਕੀ ਜਿਸਮ ਨਾਲ ਖੇਡਣ ਜਿੰਦ ਨਿਮਾਣੀ,

ਹਮਦਰਦੀ ਸੌਦੇ ਬਾਜੀ ਦੀ ਕਰਦੇ ਲੋਕ ਆ ਆ ਕੇ ਘਰੇ
ਭੰਦੋਹਲ ਮਜਬੂਰ ਕਰਕੇ ਇੱਛਕ ਖੇਡਣ ਨਾਲ ਨਿਮਾਣੀ,



## ਸੱਚ ਅਤੇ ਕੁਦਰਤ !!- **ਕਵਿਤਾ**

ਗੁਰਮੀਤ ਬਰਸਾਲ

ਖਾਲਕ ਨੂੰ ਜੇ ਖਲਕਤ "ਸੱਚ" ਦਾ ਨਾ ਦਿੰਦੀ,
ਕੁਦਰਤ ਸੱਚ ਦੇ ਨਿਯਮਾ ਦੀ ਪਰਛਾਈ ਹੈ ।
ਨਿਯਮਾਂ ਦੇ ਨਾਲ ਤੁਰਨਾ ਸੱਚ ਦੀ ਸੰਗਤ ਹੈ,
ਨਿਯਮ ਤੋੜਨਾ ਸੱਚ ਨਾਲ ਬੇ-ਵਫਾਈ ਹੈ ।
ਜੀਵਨ ਇਸੇ ਨਿਯਮ ਦਾ ਹੀ ਇੱਕ ਹਿੱਸਾ ਹੈ,
ਬੰਦਾ ਵੀ ਇਸ ਜੀਵਨ ਦਾ ਗੁਰ ਭਾਈ ਹੈ ।
ਦੇਹ ਅੰਦਰ ਵੀ ਨਿਯਮ ਸੱਚ ਦਾ ਚਲਦਾ ਹੈ,
ਕਥਨੀ ਕਰਨੀ ਵੱਖ ਤਾਂ ਇੱਕ ਬੁਰਾਈ ਹੈ ।
ਜਦ ਵੀ ਬੰਦੇ ਮੂੰਹੋਂ ਝੂਠ ਸੁਣਾਇਆ ਹੈ,
ਅੰਦਰੋਂ ਉਸ ਨੇ ਹਾਮੀ ਨਹੀਂ ਜਿਤਾਈ ਹੈ ।
ਦਰਦ ਨਾਲ ਫਿਰ ਮਨ ਦੀਆਂ ਨਾੜਾਂ ਤਣੀਆਂ ਨੇ,
ਅੰਦਰੋਂ-ਅੰਦਰੀ ਹਲ-ਚਲ ਝੂਠ ਮਚਾਈ ਹੈ ।
ਪਾਕੇ ਗਲਤ ਇਸ਼ਾਰੇ ਸੂਖਮ ਨਾੜਾਂ ਨੇ,
ਜਹਿਰ ਅੰਦਰਲੇ ਅੰਗਾਂ ਤੇ ਵਰਸਾਈ ਹੈ ।
ਨਿਯਮੋ ਬਾਹਰੇ ਹੋ ਸਬੰਧਤ ਅੰਗਾਂ ਨੇ,
ਲੋੜੋਂ ਵੱਖਰੀ ਚਕਰੀ ਫੇਰ ਘੁਮਾਈ ਹੈ ।
ਤਨ ਸੰਚਾਲਣ ਵਾਲੀ ਕਿਰਿਆ ਨੇ ਘਟਕੇ,
ਸ਼ਕਤੀ ਹਰ ਇਕ ਅੰਗ ਦੀ ਸਗੋਂ ਘਟਾਈ ਹੈ ।
ਬਾਹਰੋਂ ਭਾਵੇਂ ਦੇਖਣ ਨੂੰ ਤਨ ਠੀਕ ਲਗੇ,
ਕਈ ਅੰਗਾਂ ਤੇ ਅੰਦਰੋਂ ਪੀੜਾ ਛਾਈ ਹੈ ।
ਹਰ ਸੱਚਾ ਵੀ ਤੰਦਰੁਸਤ ਤੇ ਨਹੀਂ ਹੁੰਦਾ,
ਲੇਕਨ ਝੂਠ ਨੇ ਆਪਣੀ ਸਿਹਤ ਗਵਾਈ ਹੈ।
ਤੰਦਰੁਸਤੀ ਦੇ ਮੌਕੇ ਉਸਦੇ ਜਿਆਦਾ ਨੇ,
ਜਿਸਨੇ ਘੁੱਟਕੇ ਸੱਚ ਨੂੰ ਜੱਫੀ ਪਾਈ ਹੈ।
ਬੰਦਾ ਕੇਵਲ ਸੱਚ ਬੋਲਣ ਲਈ ਬਣਿਆ ਹੈ,
ਝੂਠ ਬੋਲ ਉਸ ਕੁਦਰਤ ਸਗੋਂ ਰੁਸਾਈ ਹੈ ।



## ਮਾਂ ਜੇ ਤੂੰ ਨਾ ਹੁੰਦੀ -ਕਵਿਤਾ

ਤਰਸੇਮ ਸਿੰਘ ਘੁੰਮਣ
ipuny62@yahoo.com

ਮਾਂ ਜੇ ਤੂੰ ਨਾ ਹੁੰਦੀ ਮੈਂ ਨਾ ਹੁੰਦਾ,
ਮੈਂ ਨਾ ਹੁੰਦਾ ਮੇਰਾ ਪ੍ਰਵਾਰ ਨਾ ਹੁੰਦਾ,
ਫਿਰ ਇਹ ਸਾਰਾ ਸੰਸਾਰ ਨਾ ਹੁੰਦਾ ।
ਧੀ ਮਾਰਨ ਦੀ ਕੋਈ ਗਲ ਨਾ ਕਰਦਾ,
ਪੁਤਾਂ ਦੀ ਮਨਸ਼ਾ ਕੌਣ ਪੂਰੀ ਕਰਦਾ ।
ਮਾਂ ਤੂੰ ਨਾ ਹੁੰਦੀ ਤਾਂ ਗ੍ਰਿਹਸਤੀ ਨਾ ਹੁੰਦੀ,
ਤੇਰੇ ਬਿੰਨ ਇਹ ਕੁਲ ਸ੍ਰਿਸ਼ਟੀ ਨਾ ਹੁੰਦੀ ।
ਕੌਣ ਪੂਰੀਆਂ ਕਰਦਾ ਮਾਂ ਦੀਆਂ ਰਸਮਾਂ,
ਸੌ ਵਾਰ ਕੋਈ ਭਾਂਵੇਂ ਖਾ ਲਏ ਕਸਮਾਂ ।
ਮਾਂ ਬਿਨਾਂ ਨਾ ਹੁੰਦਾ ਚੁਲਾ ਚੌਂਕਾਂ ਵਿਹੜਾ,
ਪੈਗੰਬਰਾਂ ਨੂੰ ਜਨਮ ਫਿਰ ਦਿੰਦਾ ਕਿਹੜਾ ।
ਤੂੰ ਨਾ ਹੁੰਦੀ ਕੌਣ ਸਾਂਭਦਾ ਘਰ ਦਾ ਕੰਮ ਕਾਜ,
ਤੇਰੇ ਬਿੰਨ ਅਧੂਰਾ ਰਹਿ ਜਾਣਾ ਸੀ ਇਹ ਸਮਾਜ ।
ਮਾਂ ਦਾ ਪਿਆਰ ਨਹੀਂ ਲੱਭਦਾ ਜੇ ਲੱਭਣ ਜਾਂਵਾਂ,
ਰਿਸਤੇਦਾਰ ਬਥੇਰੇ ਕਿੰਨੂ ਮਾਂ ਆਖ ਬੁਲਾਵਾਂ ।
ਮਾਂ ਤੁਰ ਜਾਵੇ ਨਾ ਆਵੇ ਤਾਂ ਰੀਝਾਂ ਕੌਣ ਕਰਾਵੇ,
ਮਾਂ ਬਾਜੋਂ ਫਿਰ ਕੌਣ ਵਿਹੜੇ ਵਿਚ ਚਰਖਾ ਡਾਵੇ ।
ਮਾਂ ਦਾ ਰਿਸਤਾ ਲੱਭਣ ਤੇ ਕਦੀ ਲੱਭ ਨਾਂ ਪਾਂਵਾਂ,
ਚਾਰੇ ਕੂਟਾਂ ਭਾਲਣ ਤੇ ਮਾਂ ਦਾ ਦਿਸੇ ਨਾ ਪਰਛਾਂਵਾਂ ।



## ਬਾਲ ਪੁੱਛਣਗੇ...: ਕਵਿਤਾ

ਬਲਵਿੰਦਰ ਸਿੰਘ ਖਹਿਰਾ
+91 094664-50456

ਮੋਢੇ ਗੱਟੇ ਦਾ ਬਸਤਾ,
ਹੱਥ ਲੱਕੜ ਦੀ ਫੱਟੀ,
ਜਦ ਹੁੰਦੇ ਸੀ।
ਬਾਲ ਪੁੱਛਣਗੇ, ਬਾਪੂ!
ਉਹ ਵੇਲੇ ਕਦ ਹੁੰਦੇ ਸੀ?
ਸਿਰ ਸ਼ਮਲ੍ਹੇ ਵਾਲੀ ਪੱਗ,
ਤੇ ਧੂੰਹਵੇਂ ਚਾਦਰੇ ਸੀ।
ਸਿਰ ਸੱਗੀ ਫੁੱਲ ਸੋਹਦੇ,
ਤੇ ਕੁੜਤੇ ਘੱਗਰੇ ਸੀ।
ਸਿੱਧੇ-ਸਾਦੇ ਲੋਕ ਉਹ,
ਕਿੰਨੇ ਫੱਬ ਹੁੰਦੇ ਸੀ।
ਬਾਲ ਪੁੱਛਣਗੇ, ਬਾਪੂ!
ਉਹ ਵੇਲੇ ਕਦ ਹੁੰਦੇ ਸੀ?
ਜਦ ਇੱਕੋ ਚੁੱਲ੍ਹੇ ਟੱਬਰ,
ਸਾਰਾ ’ਕੱਠਾ ਹੁੰਦਾ ਸੀ।
’ਕੱਠੇ ਸਨ ਮੰਜੇ ਡਹਿੰਦੇ,
ਹਾਸਾ-ਠੱਠਾ ਹੁੰਦਾ ਸੀ।
ਨਾ ਅੱਡ-ਅੱਡ ਚੀਜ਼ਾਂ ਵਾਲੇ,
ਕੋਈ ਯੱਬ ਹੁੰਦੇ ਸੀ।
ਬਾਲ ਪੁੱਛਣਗੇ, ਬਾਪੂ!
ਉਹ ਵੇਲੇ ਕਦ ਹੁੰਦੇ ਸੀ?
ਵਿਆਹਾਂ ਵਿਚ ਜਦ ਲੋਕੀ,
ਦਸ ਦਿਨ ਪਹਿਲਾਂ ਆਉਦੇ ਸੀ।
ਦੋ ਮੰਜਿਆਂ ਨੂੰ ਜੋੜ ਕੇ,
ਜਦੋਂ ਸਪੀਕਰ ਲਾਉਦੇ ਸੀ।
ਆਪਸ ਦੇ ਵਿਚ ਮੋਹ,
ਜਦੋਂ ਬੜੇ ਵੱਧ ਹੁੰਦੇ ਸੀ।
ਬਾਲ ਪੁੱਛਣਗੇ, ਬਾਪੂ!
ਲੋਕ ਜਦ ਹਿੰਡਾਂ ਵਾਲੇ ਸੀ।
ਲਾਉਦੇ ਨਹੀਂ ਜਦ ਖੇਤਾਂ ਨੂੰ,
ਉਹ ਅੱਗ ਹੁੰਦੇ ਸੀ।
ਬਾਲ ਪੁੱਛਣਗੇ, ਬਾਪੂ!
ਉਹ ਵੇਲੇ ਕਦ ਹੁੰਦੇ ਸੀ?



## ਗ਼ਜ਼ਲਾਂ

ਸਿਮਰਤ ਸੁਮੈਰਾ

ਮੈਂ ਤੇਰਾ ਨਾਮ ਭੁੱਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।
ਤੇ ਕੱਖਾਂ ਵਾਂਗ ਰੁਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।

ਮੈਂ ਤੈਨੂੰ ਲੱਭਦਿਆਂ ਸਾਰੀ ਹਯਾਤੀ ਹੀ ਗਵਾ ਦਿੱਤੀ,
ਕਿਵੇਂ ਹੋਰਾਂ 'ਤੇ ਡੁਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।

ਇਜਾਜ਼ਤ ਦੇਹ ਰੁਮਕਦੀ ਪੌਣ ਬਣ ਕੇ ਛੂਹ ਲਵਾਂ ਤੈਨੂੰ,
ਹਨੇਰੀ ਬਣ ਕੇ ਝੁਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।

ਤੇਰੀ ਪਾਰਸ ਦੀ ਛੂਹ ਲੈ ਕੇ ਖਰਾ ਸੋਨਾ ਮੈਂ ਬਣ ਜਾਵਾਂ,
ਕਿ ਭਾਅ ਮਿੱਟੀ ਦੇ ਤੁਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।

ਜੋ ਜਗਮਗ ਜਗ ਰਹੀ ਹੈ ਹੋਂਦ ਮੇਰੀ, ਹੈ ਤੇਰੇ ਕਾਰਣ ,
ਤੇਰੇ ਬਾਝੋਂ ਹੋ ਗੁਲ ਜਾਵਾਂ ਤੂੰ ਐਸੀ ਬਦ ਦੁਆ ਨਾ ਦੇਹ ।

## ਗ਼ਜ਼ਲ 2

ਸਿਮਰਤ ਸੁਮੇਰਾ

ਆਲ੍ਹਣੇ ਵਿੱਚ ਬੈਠ ਕੇ ਜੋ ਸਿਰਫ ਬੁਣਦੇ ਖਾਬ ਰਹਿੰਦੇ।
ਅੰਬਰਾਂ ਨਾਲੋਂ ਉਹ ਪੰਛੀ ਰਾਬਤੇ ਹੀ ਤੋੜ ਬਹਿੰਦੇ।

ਸਿੱਪੀਆਂ ਖਾਲੀ ਰਹੇ ਉਹ ਭਾਲਦੇ ਬਹਿਕੇ ਕਿਨਾਰੇ
ਲੱਭਦੇ ਮੋਤੀ ਉਨ੍ਹਾਂ ਨੂੰ ਜੋ ਨੇ ਗਹਿਰਾਈ 'ਚ ਲਹਿੰਦੇ।

ਆਪਣੇ ਮਨ ਮੰਦਰਾਂ ਵਿਚ ਕੂੜ ਦਾ ਕਰਦੇ ਪਸਾਰਾ
ਉਹ ਰਤਾ ਨਹੀਂ ਸੋਚਦੇ ਜਦ ਸੱਚ ਨੂੰ ਵੀ ਝੂਠ ਕਹਿੰਦੇ।

ਕੁਝ ਉਹਨਾਂ ਨੂੰ ਵੀ ਕਦੇ ਇਸ ਪੀੜ ਦਾ ਅਹਿਸਾਸ ਹੁੰਦਾ
ਦਰਦ ਇਸ ਮਾਰੂ ਜੁਦਾਈ ਦਾ ਕਦੇ ਜੇ ਆਪ ਸਹਿੰਦੇ।

ਸੰਗ ਫੁੱਲਾਂ ਦੇ ਗੁਜਾਰੀ ਸੀ ਜਿਹਨਾਂ ਨੇ ਉਮਰ ਸਾਰੀ
ਲੋਕ ਉਹ ਕਿੱਦਾਂ ਭਲਾ ਹੁਣ ਕੰਡਿਆਂ ਦੇ ਨਾਲ ਖਹਿੰਦੇ।

## ਗ਼ਜ਼ਲ 3

ਸਿਮਰਤ ਸੁਮੇਰਾ

ਜੇ ਤੁਰਦਾ ਤੂੰ ਮੇਰੇ ਨਾਲ।
ਕਦਮਾਂ ਵਿਚ ਹੁੰਦਾ ਸੁਰਤਾਲ।

ਜੀਵਨ ਤਾਂ ਹੈ ਰੁੱਤ ਬਸੰਤ
ਰੰਗ ਬਿਰੰਗੇ ਫੁੱਲ ਕਮਾਲ।

ਮੌਲਸਰੀ ਦੇ ਰੁੱਖਾਂ ਵਾਂਗ
ਮਹਿਕ ਪਵੇ ਮਨ 'ਵਾ ਦੇ ਨਾਲ।

ਰੌਸ਼ਨ ਹੋ ਜਾ ਬਣ ਪੁਖ਼ਰਾਜ
ਬਿਖਰੇ ਚਾਰੋਂ ਤਰਫ਼ ਜਲਾਲ।

ਮੈਨੂੰ ਤਾਂ ਹੁਣ ਇਉਂ ਲਗਦਾ ਏ
ਮੇਰਾ ਮਕਸਦ ਤੇਰੀ ਭਾਲ।

ਸੂਰਜ ਨੂੰ ਪਰਛਾਵੇਂ ਰੋਜ਼
ਕੀ ਕੀ ਕਰਦੇ ਰਹਿਣ ਸਵਾਲ।



## ਸਮੁੰਦਰੀ ਘਰ-ਕਵਿਤਾ

ਡਾ. ਦਵਿੰਦਰ ਕੌਰ

ਅੱਜ ਕਲ੍ਹ ਮੇਰੇ ਸਮੁੰਦਰੀ ਘਰ 'ਚ
ਸੂਰਜ ਦੇ ਚੜ੍ਹਣ ਤੋਂ ਡੁੱਬਣ ਤਕ
ਸਭ ਕੁਝ ਤੈਰਦਾ ਹੈ

ਸਰਸਵਤੀ ਦੀ ਮੂਰਤੀ
ਆਪਣੀ ਵੀਣਾ ਆਕਾਸ਼ ਟੰਗ
ਆਪਣੇ ਦਾਇਰਿਆਂ ਦੀ ਉਲੰਘਣਾਂ ਸੰਗ
ਮੇਰੇ ਸਮੁੰਦਰੀ ਘਰ 'ਚ ਪਰਤ ਆਈ ਹੈ

ਮੇਰੇ ਮੋਢਿਆਂ ਤੇ ਲੱਛਮੀ ਦਾ ਬਸਤਾ ਹੈ
ਮੇਰੀ ਹਿੱਕ 'ਚ ਮੇਣਕਾ ਦਾ ਹਉਕਾ ਹੈ
ਮੇਰੇ ਮੱਥੇ ਤੇ ਪਾਰਵਤੀ ਦੀ ਤਿਊੜੀ ਹੈ
ਮੇਰੇ ਹੋਠਾਂ ਤੇ ਸਰਸਵਤੀ
ਗੁੰਮ ਚੁੰਥੇ ਬਾਲ ਦੀ ਲੋਰੀ ਤਲਾਸ਼ਦੀ ਹੈ

ਮੇਰੇ ਨਾਲ ਦੇ ਕਮਰੇ 'ਚ
ਜਵਾਨੀ 'ਚ ਬੁੱਢੀ ਹੋ ਚੁੱਕੀ ਸ਼ਗੁਫਤਾ
ਸੁਪਨਿਆਂ ਦਾ ਹਮਲ ਡੇਗਦੀ ਹੈ
ਤੇ ਇਉਂ ਮੇਰੇ ਸਮੁੰਦਰੀ ਘਰ 'ਚ
ਸੂਰਜ ਦੇ ਚੜ੍ਹਣ ਤੋਂ ਡੁੱਬਣ ਤਕ
ਸਭ ਕੁਝ ਤੈਰਦਾ ਹੈ।



## ਗ਼ਜ਼ਲ

ਰਿਤੁ ਵਾਸੁਦੇਵ

ਅਸੀਂ ਫੱਕਰਾਂ ਦਾ ਬਾਣਾ ਗਲ਼ ਪਾ ਕੇ ਤੁਰੇ ਹਾਂ।
ਅਸੀਂ ਰਾਂਝੇ ਵੱਲ ਜੱਗ ਨੂੰ ਭੁਲਾ ਕੇ ਤੁਰੇ ਹਾਂ।

ਡੂੰਘਾ ਗੋਤਾ ਲਾਉਣਾ ਤਾਂਹੀ ਚੈਨ ਸਾਨੂੰ ਆਉਣਾ,
ਅਸੀਂ ਆਪਣੇ ਖੰਭਾਂ ਨੂੰ ਅੱਗ ਲਾ ਕੇ ਤੁਰੇ ਹਾਂ।

ਅਸੀਂ ਦਿਲ ਵਿਚ ਥਾਂ ਸੋਹਣੇ ਸੱਜਣਾਂ ਦੇ ਪਾਉਣੀ,
ਤਾਂਹੀਓ ਓਸ ਸੱਚੇ ਰੱਬ ਨੂੰ ਧਿਆ ਕੇ ਤੁਰੇ ਹਾਂ।

ਕਿਤੇ ਮਨ ਮਿਹਰ ਪਈ ਉਹਨੇ ਪੁੱਛ ਲਿਆ ਸਾਥੋਂ ,
ਅਸੀਂ ਕਹਿਣਾ ਤੇਰੇ ਗ਼ਮਾਂ ਨੂੰ ਹੰਢਾ ਕੇ ਤੁਰੇ ਹਾਂ।

ਜੱਗ ਦਿਆਂ ਮਿਹਣਿਆਂ ਦਾ ਡਰ ਨਹੀਂ ਕੋਈ,
ਰੰਗ ਇਸ਼ਕ ਦਾ ਗੂੜ੍ਹਾ ਮੱਥੇ ਲਾ ਕੇ ਤੁਰੇ ਹਾਂ।

ਦਿਲ ਐਵੇਂ ਨੀ ਯਕੀਨ ਉਸ ਉੱਤੇ ਕਰ ਬੈਠਾ,
ਅਸੀਂ ਸਾਰੇ ਜੱਗ ਨੂੰ ਹੀ ਅਜਮਾ ਕੇ ਤੁਰੇ ਹਾਂ।

ਸਾਡੀ ਜਿੰਦ ਮੁੱਕ ਜਾਣੀ ਦਰ ਸੱਜਣਾਂ ਦੇ ਜਾ ਕੇ,
ਅਸੀਂ ਆਪਣੇ ਘਰੋਂ ਹੀ ਮੌਹਰਾ ਖਾ ਕੇ ਤੁਰੇ ਹਾਂ।



## ਗ਼ਜ਼ਲਾਂ

ਰੁਪਿੰਦਰ 'ਸੋਜ਼'

+91 96467 56737

(1)

ਜੇ ਦਿਲ ਵਿੱਚ ਨਿਰਾਸ਼ਾ ਹੀ ਘਰ ਕਰ ਜਾਵੇਗੀ
ਫਿਰ ਸਜਣਾ, ਜੀਣੇ ਦੀ ਜਾਚ ਕਿਵੇਂ ਆਵੇਗੀ ।
ਔੜਾਂ ਮਗਰੋਂ ਜਦ ਘਨਘੋਰ ਘਟਾ ਛਾਵੇਗੀ,
ਵੇਖੀਂ ਕੋਇਲ ਗੀਤ ਖੁਸ਼ੀ ਦੇ ਤਦ ਗਾਵੇਗੀ।

ਥੋਰ ਉਜਾੜਾਂ ਦੇ ਵਿਚ ਉੱਗ ਪਈ ਹੈ ਬੇਸ਼ਕ,
ਪਰ ਇਹ, ਲੂਆਂ ਅੱਗੇ ਢੇਰੀ ਨਾ ਢਾਵੇਗੀ।
ਸਹਿਜ ਨਹੀ ਹੈ, ਰੂਹ ਦਾ ਲੱਗਣਾ ਤੇਰੇ ਬਾਝੋਂ,
ਕਮਲੀ ਆਖਰ ਰੋ ਰੋ ਕੇ ਢਾਰਸ ਪਾਵੇਗੀ।

ਧਰਮਾਂ ਦੇ ਸੰਚੇ ਵਿਚ ਢਲਣੋ ਹਟ ਜਾਵੇ ਤਾਂ,
ਫਿਰ ਇਹ ਜੀਵਨ ਸ਼ੈਲੀ ਪੂਰਨਤਾ ਪਾਵੇਗੀ।
ਜਿੱਤ ਮਿਲੇਗੀ ਜਿਹੜੀ ਕਈਆਂ ਹਾਰਾਂ ਮਗਰੋਂ,
ਸਬਕ ਬਣੂ ਉਹ ਤੇ ਹਰਿਆਂ ਨੂੰ ਵੀ ਭਾਵੇਗੀ ।

ਸੋਜ਼ ਗ਼ਜ਼ਲ ਵੀ ਨਿੱਖਰ ਜਾਵੇਗੀ ਤੇਰੀ, ਜਦ
ਯਾਦ ਕਿਸੇ ਅਪਣੇ ਦੀ ਵਢ ਵਢ ਕੇ ਖਾਵੇਗੀ।

ਰਾਹ ਮਿਲੇ ਸਨ ਬਹੁਤ ਪਰ ਉਹ ਮੰਜ਼ਿਲਾਂ ਤਕ ਨਾ ਗਏ,
ਲੁਤਫ਼ ਸੀ ਸਾਗਰ ਚ ਤੇ ਉਹ ਸਾਹਿਲਾਂ ਤਕ ਨਾ ਗਏ।
ਗਰਦ ਜੰਮੀ ਰਹਿ ਗਈ ਉਹਨਾਂ ਤੇ ਰਿਸ਼ਵਤ ਦੇ ਬਿਨਾ,
ਬਾਬੂਆਂ ਦੇ ਹੱਥ ਜੀਹਨਾਂ ਫ਼ਾਈਲਾਂ ਤਕ ਨਾ ਗਏ

ਕੀ ਕਰਾਂ ਰੋਸਾ ਉਨ੍ਹਾਂ ਚਾਰਾਗਰਾ ਤੇ ਮੈਂ ਭਲਾ,
ਪਹੁੰਚ ਜ਼ਖ਼ਮਾਂ ਤਕ ਰਹੀ ਪਰ ਘਾਇਲਾਂ ਤਕ ਨਾ ਗਏ
ਅਪੜਦੇ ਕਾਨੂੰਨ ਦੇ ਹੱਥ ਬਸ ਗਵਾਹਾ ਤੀਕਰਾਂ
ਹੱਥ ਲੰਬੇ ਪਰ ਕਦੇ ਵੀ ਕ਼ਾਤਿਲਾਂ ਤਕ ਨਾ ਗਏ

ਕੀ ਕਰੇਗਾ ਪੁਸਤਕਾਂ ਵਿਚ ਕੈਦ ਹੋਇਆ ਫ਼ਲਸਫ਼ਾ
ਅਕਲ ਦੇ ਪੈਗ਼ਾਮ ਜੇਕਰ ਜਾਹਿਲਾਂ ਤੱਕ ਨਾ ਗਏ
ਖ਼ੂਬਸੂਰਤ ਸ਼ਿਅਰ ਨਾ ਬਣਨਾ ਖ਼ਿਆਲਾਂ ਨੇ ਕਦੇ
ਮਸ਼ਵਰੇ ਦੇ ਵਾਸਤੇ ਜੇ ਕਾਮਿਲਾਂ ਤਕ ਨਾ ਗਏ

ਦਰਦ ਵਿਚ ਭਿੱਜੀ ਕ਼ਲਮ ਨੂੰ ਸੋਜ਼ ਜਾਨਣ ਕੀ ਭਲਾ
ਅਮ੍ਰਿਤਾ, ਗ਼ਾਲਿਬ ਜਿਨ੍ਹਾਂ ਦੇ, ਧੁਰ ਦਿਲਾਂ ਤਕ ਨਾ ਗਏ



## ਰੁੱਖਾਂ ਦੀ ਜੂਨ: ਕਵਿਤਾ

ਵਰਿੰਦਰ ਕੌਰ ਰੰਧਾਵਾ

+91 96468 52416

ਬੇਬਸ ਰੁੱਖਾਂ ਦੀ ਹੈ ਜੂਨ ਮੇਰੀ,
ਆਰਾ ਫੇਰ ਦਿੰਦੇ ਨੇ ਕਰ ਢੇਰੀ।

ਮੈਂ ਪੁੰਗਰਿਆ ਸੋਹਣੇ ਬੀਜ ਵਿਚੋਂ,
ਬਾਲ ਜਚੇ ਜਿਵੇਂ ਸੂਹੀ ਕਮੀਜ ਵਿਚੋਂ।
ਮੈਨੂੰ ਟੋਟੇ ਟੋਟੇ ਕਰਨੇ ਦੀ-
ਲੱਗੀ ਰਹਿੰਦੀ ਮਨੁੱਖ ਨੂੰ ਲੇਰੀ।.. ਬੇਬਸ....

ਜਿਵੇਂ ਪੁੱਤਰਾਂ ਦੇ ਲਈ ਮਾਵਾਂ ਨੇ,
ਉਵੇਂ ਮਾਣਦੇ ਮੇਰੀਆਂ ਛਾਵਾਂ ਨੇ।
ਉਤੋਂ ਉਤੋਂ ਅਸੀਸਾਂ ਦੇਣ ਮੈਨੂੰ-
ਖਤਮ ਕਰਨੇ ਲਈ ਨਾ ਲਾਉਣ ਦੇਰੀ। .. ਬੇਬਸ....

ਕਸਾਈ ਵਾਂਗਰ ਆਰਾ ਚਾੜ੍ਹਦੇ ਨੇ,
ਕੋਈ ਫਰਨੀਚਰ ਲਈ, ਕੋਈ ਸਾੜਦੇ ਨੇ।
ਮਨੁੱਖ ਤਰਸ ਜਾਊ ਔਕਸੀਜਨ ਲਈ-
ਜੇਕਰ ਇਵੇਂ ਹੀ ਰੱਖੀ ਮੇਰੀ ਜੂਨ ਘੇਰੀ| .. ਬੇਬਸ....

ਵਧ ਰਿਹਾ ਪ੍ਰਦੂਸ਼ਣ ਰੋਕੋ ਵੇ !
ਮੈਂ ਪਾਵਾਂ ਦੁਹਾਈਆਂ ਲੋਕੋ ਵੇ!
ਤੂੰ ਵੀ ਸਮਝਦਾ ਨਹੀ 'ਰੰਧਾਵਿਆ' ਉਏ!
ਮਾਰੀ ਗਈ ਕਿਉਂ ਏ ਮੱਤ ਤੇਰੀ। .. ਬੇਬਸ....



# ਮੈ ਹਾਂ ਪੰਜਾਬ ਬੋਲਦਾ

ਮੈ ਹਾਂ ਪੰਜਾਬ ਬੋਲਦਾ, ਸੁੱਚੀਆਂ ਦਾੜ੍ਹੀਆਂ ਦੇ ਨਾਂ 'ਤੇ
ਪੀਡੀਆਂ ਗੁੱਤਾਂ ਦੇ ਨਾਂ, ਮੈ ਹਾਂ ਪੰਜਾਬ ਬੋਲਦਾ ।
ਆਪਣੇ ਧੀ ਪੁੱਤਾਂ ਦੇ ਨਾਂ, ਮੈ ਹਾਂ ਪੰਜਾਬ ਬੋਲਦਾ ।

ਮਾਂ ਦੀਆਂ ਦੋ ਵਗਦੀਆਂ, ਮੇਰੇ ਪੰਜ–ਧਾਰਾ ਵਗੇ
ਏਨੇ ਦੁੱਧਾਂ ਦੇ ਹੁੰਦਿਆਂ, ਕਿਉ ਵਿਲਕਦੀ ਮਮਤਾ ਲੱਗੇ ?
ਕਾਂਜੀ ਦੇ ਬੱਦਲਾ ਦੇ ਨਾਂ 'ਤੇ ਬਦਲੀਆਂ ਰੁੱਤਾਂ ਦੇ ਨਾਂ
ਮੈ ਹਾਂ ਪੰਜਾਬ ਬੋਲਦਾ...................

ਵਾਰਿਸ, ਮੋਹਨ, ਕਾਦਰ, ਧਨੀ, ਸਤਿਲੁਜ ਝਨਾਂ ਨੂੰ ਮੇਲਦੇ
ਖੇਡਦੇ ਗੀਟੇ ਰਹੇ, ਕਿਉ ਨਾਲ ਸਿਰੀਆਂ ਖੇਲਦੇ ?
ਗੁੰਦਵਿਆਂ ਜਿਸਮਾਂ ਦੇ ਨਾਂ 'ਤੇ ਫੁੱਟਦੀਆਂ ਮੁੱਛਾਂ ਦੇ ਨਾਂ
ਮੈ ਹਾਂ ਪੰਜਾਬ ਬੋਲਦਾ....................

ਮੇਰੇ ਕਪੁੱਤਰੋ ਸੌਂ ਜਿਓ, ਹੁਣ ਨਾਲ ਮੌਜ ਦੇ
ਪਹਿਰੇ ਖੜੰਗਾ ਮੈ ਭਾਵੇਂ ਹਵਾਲੇ ਹਾਂ ਫ਼ੌਜ ਦੇ
ਹੰਭੀਆਂ ਅਦਾਲਤਾਂ ਦੇ ਨਾਂ, ਨਾਰਦ ਦੀਆਂ ਘੜਿੱਤਾਂ ਦੇ ਨਾਂ
ਮੈ ਹਾਂ ਪੰਜਾਬ ਬੋਲਦਾ.......................

ਬਹਿ ਕੇ ਪਰ੍ਹਾ ਵਿਚ ਸੁਣ ਲਵੋ ਵੱਡਿਓ ਨਵਾਬੀਓ
ਤਲੀਆਂ 'ਤੇ ਸਿਰ ਕਿੱਦਾਂ ਟਿਕੇ, ਦੱਸਿਓ ਪੰਜਾਬੀਓ
ਹੀਰ ਦੀ ਚਰੀ ਦੇ ਨਾਂ, ਕੈਦੋ ਦੀ ਲੂਤੀ ਦੇ ਨਾਂ
ਮੈ ਹਾਂ ਪੰਜਾਬ ਬੋਲਦਾ....................

–ਸੰਤ ਰਾਮ ਉਦਾਸੀ